

ਤਬਦੀਲੀ ਪਸੰਦ ਨੌਜਵਾਨਾਂ ਦੀ ਲਲਕਾਰ

ਪੰਦਰਵਾੜਾ ♦ ਸਾਲ 13 ♦ ਅੰਕ : 2 (16-31 ਮਾਰਚ 2024) ♦ ਕੀਮਤ 10 ਰੁਪਏ

ਅੰਦਰ ਪੜ੍ਹੋ

ਮੋਦੀ ਸਰਕਾਰ ਦੇ ਫਿਰਕੂ-ਫਾਸ਼ੀਵਾਦੀ ਹਮਲੇ ਦਾ ਮੂੰਹ ਤੋੜ ਜਵਾਬ ਦੇਣ ਲਈ ਅੱਗੇ ਆਓ !

ਨਾਗਰਿਕਤਾ ਸੋਧ ਕਨੂੰਨ (ਸੀ.ਏ.ਏ.), ਕੌਮੀ ਨਾਗਰਿਕ ਰਜਿਸਟਰ (ਐਨ.ਆਰ.ਸੀ.) ਅਤੇ ਕੌਮੀ ਜਨਸੰਖਿਆ ਰਜਿਸਟਰ (ਐਨ.ਪੀ.ਆਰ.) ਰੱਦ ਕਰਾਉਣ ਲਈ ਵਿਸ਼ਾਲ ਲੋਕ ਲਹਿਰ ਖੜ੍ਹੀ ਕਰੋ !

ਸੰਪਾਦਕੀ

ਮੋਦੀ ਹਕੂਮਤ ਨੇ 11 ਮਾਰਚ 2024 ਤੋਂ ‘ਨਾਗਰਿਕਤਾ ਸੋਧ ਕਨੂੰਨ’ ਲਾਗੂ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਕਰੋਨਾ ਤੋਂ ਪਹਿਲਾਂ ਭਾਰਤ ਦੀ ਸੱਤਾ ’ਤੇ ਕਾਬਜ ਸੰਘ-ਭਾਜਪਾ ਆਪਣੇ ਸਿਆਸੀ ਏਜੰਡੇ “ਹਿੰਦੀ-ਹਿੰਦੂ-ਹਿੰਦੁਸਤਾਨ” ਤਹਿਤ ਧਾਰਮਿਕ ਘੱਟਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਨੂੰ ਨਾਗਰਿਕ ਹੱਕਾਂ ਤੋਂ ਵਾਂਝੇ ਕਰਨ ਲਈ ਨਾਗਰਿਕਤਾ ਸੋਧ ਕਨੂੰਨ ਲੈ ਕੇ ਆਈ ਸੀ। ਇਸ ਕਨੂੰਨ ਵਿਰੁੱਧ ਪੂਰੇ ਦੇਸ਼ ਵਿੱਚ ਵਿਰੋਧ ਦੀ ਇੱਕ ਲਹਿਰ ਉੱਠੀ। ਦੇਸ਼ ਦੇ ਹਾਕਮਾਂ ਨੇ ਪੂਰਾ ਜੋਰ ਲਾਇਆ ਕਿ ਇਸ ਲਹਿਰ ’ਚ ਹਿੰਦੂ ਬਨਾਮ ਮੁਸਲਿਮ ਦਾ ਪੱਤਾ ਖੇਡਿਆ ਜਾਵੇ। ਪਰ ਵੱਖ-ਵੱਖ ਧਰਮਾਂ ਦੇ ਲੋਕਾਂ ਨੇ ਭਾਈਚਾਰਕ ਏਕੇ ਦੀਆਂ ਨਵੀਆਂ ਮਿਸਾਲਾਂ ਪੇਸ਼ ਕਰਦੇ ਹੋਏ ਹਾਕਮਾਂ ਦੇ ਫਿਰਕੂ ਮਨਸੂਬਿਆਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ। ਫਿਰ ਕਰੋਨਾ ਭਾਰਤ ਦੇ ਹਾਕਮਾਂ ਲਈ ਇੱਕ ਮੌਕੇ ਵਜੋਂ ਬਹੁੜਿਆ ਤੇ ਉਹ ਇਸ ਘੋਲ਼ ਨੂੰ ਖਿੰਡਾਉਣ ਵਿੱਚ ਕਾਮਯਾਬ ਹੋ ਗਏ। ਨਾਗਰਿਕਤਾ ਕਨੂੰਨ ਨੂੰ ਲਾਗੂ ਕਰਨ ਬਾਰੇ ਵੀ ਉਸ ਮੌਕੇ ਹਾਕਮਾਂ ਨੇ ਚੁੱਪ ਧਾਰ ਲਈ।

ਪਰ ਇਹ ਚੁੱਪ ਵਕਤੀ ਹੀ ਸੀ। ਭਾਰਤ ਦੇ ਗ੍ਰਹਿ ਮੰਤਰਾਲੇ ਨੇ 11 ਮਾਰਚ ਨੂੰ ਇਹ ਕਨੂੰਨ ਲਾਗੂ ਕਰਨ ਸਬੰਧੀ ਨੋਟੀਫੀਕੇਸ਼ਨ ਜਾਰੀ ਕਰਨ ਬਾਰੇ ਬਿਆਨ ਜਾਰੀ ਕੀਤਾ ਹੈ। ਇਹ ਦਿਨ ਮੋਦੀ ਸਰਕਾਰ ਨੇ ਮੁਸਲਮਾਨਾਂ ਨੂੰ ਖਿਝਾਉਣ ਲਈ ਜਾਣਬੁੱਝ ਕੇ ਚੁਣਿਆ ਹੈ ਕਿਉਂਕਿ ਇਸੇ ਦਿਨ ਰਮਜਾਨ ਦਾ ਮਹੀਨਾ ਸ਼ੁਰੂ ਹੋਇਆ ਹੈ। ਭਾਜਪਾ ਨੇ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਇਸਨੂੰ ਲਾਗੂ ਕਰਕੇ ਵੋਟਾਂ ਬਟੋਰਨ ਲਈ ਫਿਰਕੂ ਪੱਤਾ ਖੇਡਿਆ ਹੈ। ਮੋਦੀ ਸਰਕਾਰ ਦੀਆਂ ਦੇਸ਼ੀ-ਵਿਦੇਸ਼ੀ ਸਰਮਾਏਦਾਰੀ ਪੱਖੀ ਆਰਥਿਕ-ਸਿਆਸੀ ਨੀਤੀਆਂ ਕਾਰਨ ਮਜਦੂਰਾਂ-ਕਿਰਤੀਆਂ ਨੂੰ ਭਿਆਨਕ ਗਰੀਬੀ, ਬਦਹਾਲੀ, ਬੇਰੁਜਗਾਰੀ, ਮਹਿੰਗਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੋਦੀ ਸਰਕਾਰ ਖਿਲਾਫ ਲੋਕਾਂ ਵਿੱਚ ਵੱਡੇ ਪੱਧਰ ਉੱਤੇ ਰੋਸ ਹੈ। ਇਹਨਾਂ ਦਿਨਾਂ ਵਿੱਚ ਮੋਦੀ ਸਰਕਾਰ ਵੱਲੋਂ ਚੋਣ ਬਾਂਡਾਂ ਸਬੰਧੀ ਜਾਣਕਾਰੀਆਂ ਸਾਹਮਣੇ ਲਿਆਉਣ ਤੋਂ ਭੱਜ ਖੜ੍ਹੇ ਹੋਣ ਕਾਰਨ ਇਸਦੀ ਕਾਫੀ ਬਦਨਾਮੀ ਹੋਈ ਹੈ। ਇਸ ਲਈ ਭਾਜਪਾ ਕੋਲ਼ ਲੋਕਾਂ ਦਾ ਧਿਆਨ ਇਹਨਾਂ ਮੁੱਦਿਆਂ ਤੋਂ ਹਟਾਉਣ ਲਈ ਧਰਮ ਦੇ ਨਾਂ ’ਤੇ ਨਫਰਤ ਫੈਲਾਉਣ, ਘੱਟ ਗਿਣਤੀਆਂ ਨੂੰ ਕੁਚਲਣ, ਲੋਕਾਂ ਨੂੰ ਆਪਸ ਵਿੱਚ ਵੰਡਣ-ਲੜਾਉਣ ਤੋਂ ਬਿਨਾਂ ਕੋਈ ਹੋਰ ਰਾਹ ਨਹੀਂ ਬਚਿਆ ਹੈ। ਇਸ ਲਈ ਭਾਜਪਾ ਤੇ ਸੰਘ ਨਾਗਰਿਕਤਾ ਕਨੂੰਨਾਂ ਨੂੰ ਆਵਦੇ ਫਿਰਕਾਪ੍ਰਸਤੀ ਦੇ ਰਵਾਇਤੀ ਹਥਿਆਰ ਵਜੋਂ ਵਰਤ ਰਹੀ ਹੈ।



ਭਾਰਤ ਦੇ ਹਾਕਮ ਲੋਕਾਂ ਵਿਰੁੱਧ ਇੱਕ ਤੋਂ ਬਾਅਦ ਇੱਕ ਆਰਥਿਕ-ਸਿਆਸੀ ਹੱਲੇ ਵਿੱਢ ਰਹੇ ਹਨ। ਭਾਰਤ ਵਿੱਚ ਵਸਦੇ ਮੁਸਲਿਮ ਭਾਈਚਾਰੇ ਦੇ ਲੋਕਾਂ ਤੋਂ ਨਾਗਰਿਕਤਾ ਹੱਕ ਖੋਹਣ ਵਾਲ਼ੇ ਇਸ ਫਿਰਕੂ ਫਾਸੀਵਾਦੀ ਹਮਲੇ ਵਿਰੁੱਧ ਅੱਜ ਦੇਸ਼ ਦੇ ਸਭਨਾ ਜਾਤਾਂ, ਧਰਮਾਂ, ਕੌਮਾਂ ਦੇ ਕਿਰਤੀਆਂ-ਮਜਦੂਰਾਂ-ਇਨਸਾਫਪਸੰਦ ਨਾਗਰਿਕਾਂ ਨੂੰ ਸੰਘਰਸ਼ ਲਈ ਅੱਗੇ ਆਉਣਾ ਚਾਹੀਦਾ ਹੈ।

ਪਿਛਲੇ 10 ਸਾਲ ਤੋਂ ਮੋਦੀ ਸਰਕਾਰ ਨੇ ਰਾਸ਼ਟਰੀ ਸਵੈਸੇਵਕ ਸੰਘ (ਰਸਸ) ਦੇ ਹਿੰਦੂ ਰਾਸ਼ਟਰ ਦੇ ਸੁਪਨੇ ਨੂੰ ਪੂਰਾ ਕਰਨ ਲਈ ਅੱਡੀ-ਚੋਟੀ ਦਾ ਜੋਰ ਲਾਇਆ ਹੋਇਆ ਹੈ। ਧਾਰਾ 370 ਕਸ਼ਮੀਰ ’ਚੋਂ ਹਟਾਉਣ, ਤਿੰਨ ਤਲਾਕ ਨੂੰ ਖਤਮ ਕਰਨ ਤੇ ਰਾਮ ਮੰਦਰ ਬਣਾਉਣ ਜਿਹੇ ਫੈਸਲੇ ਲਾਗੂ ਕਰ ਦਿੱਤੇ ਗਏ ਹਨ, ਜਿਹਨਾਂ ਨੂੰ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ ਰਸਸ ਵੱਲੋਂ ਲੰਮੇ ਸਮੇਂ ਤੋਂ ਲਾਮਬੰਦੀ ਕੀਤੀ ਜਾ ਰਹੀ ਸੀ। ਇਸ ਹਿੰਦੂ ਰਾਸ਼ਟਰ ਦਾ ਅਗਲਾ ਨਿਸ਼ਾਨਾ ਇਹ ਸੁਪਨਾ ਪੂਰਾ ਕਰਨਾ ਹੈ ਕਿ ਭਾਰਤ ਵਿੱਚ ਸਿਰਫ ਹਿੰਦੂਆਂ ਨੂੰ ਰਹਿਣ ਦਾ ਹੱਕ ਹੋਵੇਗਾ ਤੇ ਬਾਕੀ ਧਾਰਮਿਕ ਘੱਟਗਿਣਤੀਆਂ ਨੂੰ ਜਾਂ ਦੇਸ਼ ਛੱਡਣਾ ਪਵੇਗਾ ਜਾਂ ਫੇਰ ਦੂਜੇ ਦਰਜੇ ਦੇ ਨਾਗਰਿਕ ਬਣਨਾ ਪਵੇਗਾ। ਕਹਿਣ ਦੀ ਜਰੂਰਤ ਨਹੀਂ ਹੈ ਕਿ ਇਸ ਅਖੌਤੀ ‘ਹਿੰਦੂ ਰਾਸ਼ਟਰ’ ਵਿੱਚ ਰਾਜ ਤਾਂ ਸਰਮਾਏਦਾਰ ਹੀ ਕਰਨਗੇ, ਗਰੀਬ ਮਜਦੂਰਾਂ-ਕਿਰਤੀਆਂ ਨੂੰ ਤਾਂ ਗੁਲਾਮੀ ਭਰੀ ਬਦਤਰ ਜਿੰਦਗੀ ਹੀ ਜਿਉਣੀ ਪਵੇਗੀ। ਅਖੌਤੀ ਨਿਗਰਾਨੀ ਕੇਂਦਰਾਂ, ਜੋ ਕਿ ਨਾਜੀ ਤਸ਼ੱਦਦ ਕੇਂਦਰਾਂ ਦਾ ਹੀ ਦੂਜਾ ਨਾਂ ਹੈ, ਵਿੱਚ ਬੰਦ ਕਰਕੇ ਮੁਸਲਮਾਨਾਂ ਨੂੰ ਗੁਲਾਮਾਂ ਵਾਂਗੂੰ ਰੱਖਣਾ ਇਸ ਜਾਬਰ ਕਨੂੰਨ ਦਾ ਇੱਕ ਮਕਸਦ ਹੈ। ਇਸ ਕਨੂੰਨ ਦੀ ਮਾਰ ਹੇਠ ਹੋਰ ਧਰਮਾਂ (ਹਿੰਦੂਆਂ ਸਮੇਤ) ਦੇ ਗਰੀਬ, ਦਲਿਤ ਲੋਕ ਤੇ ਆਦਿਵਾਸੀ ਵੀ ਆਉਣਗੇ। ਨਾਗਰਿਕਤਾ ਨਾਲ਼ ਜੁੜੇ ਸਾਰੇ ਕਨੂੰਨ, ਫੈਸਲੇ, ਵਿਵਾਦ, ਇਸੇ ਅਖੌਤੀ ‘ਹਿੰਦੂ ਰਾਸ਼ਟਰ’ ਬਣਾਉਣ ਦੀ ਉਪਜ ਹਨ। ਭਾਵੇਂ ਦੇਸ਼ ਵਿਆਪੀ ਵਿਰੋਧ ‘ਨਾਗਰਿਕਤਾ ਸੋਧ ਕਨੂੰਨ’ ਤੋਂ ਸ਼ੁਰੂ ਹੋਇਆ ਸੀ, ਪਰ ਇਸ ਕਨੂੰਨ ਨਾਲ਼, ‘ਕੌਮੀ ਨਾਗਰਿਕ ਰਜਿਸਟਰ’ ਅਤੇ ‘ਕੌਮੀ ਜਨਸੰਖਿਆ ਰਜਿਸਟਰ’ ਤਿੰਨੋਂ ਆਪਸ ਵਿੱਚ ਜੁੜੇ ਹੋਏ ਹਨ। ਮੋਦੀ ਸਰਕਾਰ ਵੱਲੋਂ ਜਨਸੰਖਿਆ ਰਜਿਸਟਰ ਬਣਾਉਣ ਲਈ ਚੋਰ ਦਰਵਾਜਿਓਂ ਅਧਾਰ ਕਾਰਡ ਦਾ ਡਾਟਾ ਲੋਕਾਂ ਦੀ ਸਹਿਮਤੀ ਤੋਂ ਬਿਨਾਂ ਇਸਤੇਮਾਲ ਕੀਤਾ ਜਾ ਰਿਹਾ ਹੈ। ਇਸ ਲਈ ਲਾਜਮੀ ਹੀ ਇਹਨਾਂ ਤਿੰਨਾਂ ਕਨੂੰਨਾਂ ਦਾ ਵਿਰੋਧ ਹੋਣਾ ਚਾਹੀਦਾ ਹੈ।

ਕੌਮੀ ਨਾਗਰਿਕ ਰਜਿਸਟਰ ਨੂੰ ਲਾਗੂ ਕਰਨ ਦੀ ਸ਼ੁਰੂਆਤ ਅਸਾਮ ਤੋਂ ਕੀਤੀ ਗਈ ਸੀ। ਅਸਾਮ ਦੀ ਅਬਾਦੀ ਦਾ ਇੱਕ ਹਿੱਸਾ ਬੰਗਾਲੀ ਪ੍ਰਵਾਸੀਆਂ ਦਾ ਵੀ ਹੈ। ਇਹ ਪਰਵਾਸੀ ਐਥੈ ਅੱਜ ਦੇ ਨਹੀਂ ਸਗੋਂ ਅੰਗਰੇਜਾਂ ਦੇ ਵੇਲਿਆਂ ਤੋਂ ਹੀ ਰਹਿੰਦੇ ਆਏ ਹਨ। ਅਜਿਹਾ ਪ੍ਰਵਾਸ ਇੱਕ ਸੁਭਾਵਿਕ ਚੀਜ ਹੈ ਪਰ ਭਾਰਤੀ ਹਾਕਮਾਂ ਨੇ ਨਾਗਰਿਕਤਾ ਦੇਣ ਦੇ ਬਹਾਨੇ ਪ੍ਰਵਾਸੀਆਂ ਦੇ ਮਸਲੇ ਨੂੰ ਅਸਾਮੀ ਬਨਾਮ ਪ੍ਰਵਾਸੀ ਬਣਾਉਣ ਲਈ ਅਗਲੇ ਪੰਨੇ ’ਤੇ ਜਾਰੀ

ਪੰਨਾ 1 ਦਾ ਬਾਕੀ ਹਿੱਸਾ

ਮੋਦੀ ਸਰਕਾਰ ਦੇ ਫਿਰਕੂ-ਫਾਸ਼ੀਵਾਦੀ ਹਮਲੇ ਦਾ ਮੂੰਹ ਤੋੜ ਜਵਾਬ ਦੇਣ ਲਈ ਅੱਗੇ ਆਓ !

ਖ਼ੂਬ ਵਰਤਿਆ ਹੈ। ਭਾਜਪਾ ਨੇ ਅਸਾਮ ਵਿੱਚ ਆਪਣੇ ਪੈਰ ਲਾਉਣ ਲਈ ਇਹ ਭੜਕਾਊ ਐਲਾਨ ਕੀਤਾ ਕਿ ਬਾਹਰੀ ਵਿਅਕਤੀਆਂ ਨੂੰ ਬਾਹਰ ਕੱਢਿਆ ਜਾਵੇਗਾ ਤੇ ਇਸੇ ਤਹਿਤ ਕੌਮੀ ਨਾਗਰਿਕਤਾ ਰਜਿਸਟਰ (ਐਨਆਰਸੀ) ਨੂੰ ਵਰਤਿਆ ਗਿਆ। ਪਰ ਜਦੋਂ ਨਾਗਰਿਕਤਾ ਸੂਚੀ ਤਿਆਰ ਹੋਈ ਤਾਂ 19 ਲੱਖ ਲੋਕਾਂ ਦੀ ਇਸ ਸੂਚੀ ਵਿੱਚ 14 ਲੱਖ ਹਿੰਦੂਆਂ ਦੇ ਨਾਂ ਵੀ ਆ ਗਏ ਜਿਹਨਾਂ ਕੋਲ਼ ਆਪਣੀ ਨਾਗਰਿਕਤਾ ਸਾਬਤ ਕਰਨ ਲਈ ਕੋਈ ਕਾਗਜ-ਪੱਤਰ ਨਹੀਂ ਸਨ। ਇਸਤੋਂ ਬਾਅਦ ਅਜਿਹੇ ਲੋਕਾਂ ਨੂੰ ਮੁੜ ਨਾਗਰਿਕਤਾ ਦੇਣ ਲਈ ਨਾਗਰਿਕਤਾ ਸੋਧ ਕਨੂੰਨ (ਸੀਏਏ) ਲਿਆਂਦਾ ਗਿਆ ਜਿਸ ਤਹਿਤ ਅਫਗਾਨਿਸਤਾਨ, ਬੰਗਲਾਦੇਸ਼ ਅਤੇ ਪਾਕਿਸਤਾਨ ਤੋਂ ਆਏ ਹਿੰਦੂਆਂ, ਸਿੱਖਾਂ, ਜੈਨੀਆਂ, ਬੋਧੀਆਂ, ਪਾਰਸੀਆਂ ਤੇ ਇਸਾਈਆਂ ਨੂੰ ਨਾਗਰਿਕਤਾ ਦਿੱਤੀ ਜਾਵੇਗੀ ਪਰ ਮੁਸਲਮਾਨਾਂ ਨੂੰ ਇਸ ਵਿੱਚੋਂ ਬਾਹਰ ਰੱਖਿਆ ਗਿਆ। ਇੰਝ ਫਿਰਕੂ ਏਜੰਡੇ ਤਹਿਤ ਹੀ ਨਾਗਰਿਕਤਾ ਧਰਮ ਦੇ ਅਧਾਰ ’ਤੇ ਦਿੱਤੀ ਜਾ ਰਹੀ ਹੈ। ਇਸਤੋਂ ਬਾਅਦ ਕੌਮੀ ਅਬਾਦੀ ਰਜਿਸਟਰ ਨਾਮ ਦਾ ਤੀਜਾ ਹਥਿਆਰ ਚਲਾਇਆ ਗਿਆ ਸੀ।

ਕੌਮੀ ਅਬਾਦੀ ਰਜਿਸਟਰ (ਐਨਪੀਆਰ) ਭਾਰਤ ਵਿੱਚ ਰਹਿਣ ਵਾਲ਼ੇ ਸਭ ਲੋਕਾਂ ਦੀ ਸੂਚੀ ਹੈ। ਇਸਨੂੰ ਅੱਗੇ ਨਾਗਰਿਕਤਾ ਸੂਚੀ ਤਿਆਰ ਕਰਨ ਲਈ ਵਰਤਿਆ ਜਾਵੇਗਾ। ਅਬਾਦੀ ਰਜਿਸਟਰ ਵਿੱਚੋਂ ਜਿਹਨਾਂ ਉੱਪਰ ਸ਼ੱਕ ਹੋਵੇਗਾ ਉਹਨਾਂ ਤੋਂ ਭਾਰਤ ਦੇ ਨਾਗਰਿਕ ਹੋਣ ਦਾ ਸਬੂਤ ਮੰਗਿਆ ਜਾਵੇਗਾ। ਇੰਝ ਕੌਮੀ ਅਬਾਦੀ ਰਜਿਸਟਰ ਵਿੱਚੋਂ ਕਰੋੜਾਂ ਲੋਕਾਂ ਨੂੰ ਛਾਂਟ ਕੇ ਕੌਮੀ ਨਾਗਰਿਕਤਾ ਸੂਚੀ ਤਿਆਰ ਕੀਤੀ ਜਾਵੇਗੀ ਤੇ ਛਾਂਟ ਕੇ ਬਾਹਰ ਕੀਤੇ ਲੋਕਾਂ ਨੂੰ ਆਪਣੇ ਨਾਗਰਿਕ ਹੋਣ ਦੇ ਸਬੂਤ ਦੇਣ ਲਈ ਕੁੱਝ ਸਮਾਂ ਦਿੱਤਾ ਜਾਵੇਗਾ ਨਹੀਂ ਤਾਂ ਉਹਨਾਂ ਨੂੰ ਕੈਦ ਕੀਤਾ ਜਾ ਸਕਦਾ ਹੈ ਜਾਂ ਦੇਸ਼ ਤੋਂ ਬਾਹਰ ਕੱਢਿਆ ਜਾ ਸਕਦਾ ਹੈ। ਅਬਾਦੀ ਰਜਿਸਟਰ ਤੋਂ ਬਾਹਰ ਕੱਢੇ ਗਏ ਵਿਅਕਤੀਆਂ ਵਿੱਚੋਂ ਕੁਝ ਨੂੰ ਧਰਮ ਦੇ ਅਧਾਰ ’ਤੇ ਨਾਗਰਿਕਤਾ ਸੋਧ ਕਨੂੰਨ ਤਹਿਤ ਨਾਗਰਿਕਤਾ ਦਿੱਤੀ ਜਾ ਸਕਦੀ ਹੈ। ਪਰ ਬਾਹਰ ਕੱਢੇ ਗਏ ਮੁਸਲਮਾਨਾਂ ਨੂੰ ਨਾਗਿਰਕ ਹੋਣ ਦਾ ਕੋਈ ਹੱਕ ਨਹੀਂ ਹੋਵੇਗਾ। ਇਸ ਵਿੱਚ ਹਾਲੇ ਤੱਕ ਇਹ ਤੈਅ ਨਹੀਂ ਕਿ ਨਾਗਰਿਕਤਾ ਲਈ ਕਿਹੜੇ ਦਸਤਾਵੇਜ ਨੂੰ ਸਬੂਤ ਮੰਨਿਆ ਜਾਵੇਗਾ। ਖ਼ੁਦ ਸਰਕਾਰ ਵੱਲੋਂ ਬਣਾਏ ਵੋਟਰ ਕਾਰਡ, ਅਧਾਰ ਕਾਰਡ ਤੇ ਪਾਸਪੋਰਟ ਤੱਕ ਨੂੰ ਵੀ ਮਾਨਤਾ ਮਿਲ਼ੇਗੀ ਜਾਂ ਨਹੀਂ, ਇਹ ਵੀ ਯਕੀਨੀ ਨਹੀਂ ਹੈ।

ਇਹਨਾਂ ਤਿੰਨਾਂ ਤਹਿਤ ਕਿਹੜੇ ਦਸਤਾਵੇਜ ਤੇ ਕਿਹੜੇ ਸਾਲ ਨੂੰ ਮਾਨਤਾ ਦਿੱਤੀ ਜਾਵੇਗੀ ਇਹ ਭਾਵੇਂ ਹਾਲੇ ਤੱਕ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੈ ਪਰ ਇਹ ਲਾਜਮੀ ਸਪੱਸ਼ਟ ਹੈ ਕਿ ਇਹਨਾਂ ਤਹਿਤ ਮੋਦੀ ਹਕੂਮਤ ਕੀ ਕਰੇਗੀ। ਭਾਰਤ ਦੀਆਂ ਜੇਲ੍ਹਾਂ ਵਿੱਚ ਕੈਦੀਆਂ ਦੀ ਗਿਣਤੀ ਦੇਖੀਏ ਤਾਂ ਪਹਿਲੋਂ ਹੀ ਅਬਾਦੀ ਦੇ ਫੀਸਦ ਵਜੋਂ ਮੁਸਲਮਾਨਾਂ ਤੇ ਦਲਿਤਾਂ ਦੀ ਗਿਣਤੀ ਕਾਫੀ ਜਿਆਦਾ ਹੈ। ਅਕਸਰ ਮੁਸਲਮਾਨਾਂ ਦੇ ਝੂਠੇ ਪੁਲਿਸ ਮੁਕਾਬਾਲੇ ਬਣਾਏ ਜਾਂਦੇ ਹਨ, ਹਜਾਰਾਂ ਮੁਸਲਮਾਨਾਂ ਨੂੰ ਕਤਲ ਕਰਦੇ ਹੋਏ ਬਾਬਰੀ ਮਸਜਿਦ ਢਾਹ ਦਿੱਤੀ ਗਈ, ਗੁਜਰਾਤ ਤੇ ਮੁਜੱਫਰਨਗਰ ਵਿੱਚ ਕਤਲੇਆਮ ਕੀਤਾ ਗਿਆ ਤੇ ਅਹਿਮਦਾਬਾਦ ਵਰਗੇ ਸ਼ਹਿਰਾਂ ਵਿੱਚ ਮੁਸਲਮਾਨਾਂ ਨੂੰ ਵੱਖਰੇ ਇਲਾਕੇ ਵਿੱਚ ਰਹਿਣ ਲਈ ਮਜਬੂਰ ਕੀਤਾ ਜਾਂਦਾ ਰਿਹਾ ਹੈ। 2014 ਤੋਂ ਬਾਅਦ ਗਊ ਹੱਤਿਆ, ਘਰ ਵਾਪਸੀ, ਲਵ ਜਿਹਾਦ, ਮਸਜਿਦਾਂ ’ਤੇ ਭਗਵੇ ਝੰਡੇ ਲਹਿਰਾਉਣੇ ਜਾਂ ਭੱਦੇ ਭੜਕਾਊ ਗੀਤ ਚਲਾਕੇ ਮੁਸਲਮਾਨਾਂ ਲਈ ਦਹਿਸ਼ਤ ਦਾ ਮਹੌਲ ਕਾਇਮ ਕੀਤਾ ਗਿਆ ਹੈ। ਅਜਿਹੇ ਮਹੌਲ ਵਿੱਚ ਪੂਰੇ ਦੇਸ਼ ਵਿੱਚ ਜੇ ਨਾਗਰਿਕਤਾ ਸੂਚੀ ਨੂੰ ਲਾਗੂ ਕੀਤਾ ਜਾਵੇਗਾ ਤਾਂ ਵੱਡੀ ਗਿਣਤੀ ਵਿੱਚ ਮੁਸਲਮਾਨਾਂ ਨੂੰ ਵਿਦੇਸ਼ੀ ਆਖ ਕੇ ਉਹਨਾਂ ਤੋਂ ਨਾਗਰਿਕਤਾ ਖੋਹ ਲਈ ਜਾਵੇਗੀ। ਉਹਨਾਂ ਤੋਂ ਸਬੂਤ ਮੰਗੇ ਜਾਣਗੇ ਤੇ ਕਿਸੇ ਪਾਸੇ ਸੁਣਵਾਈ ਵੀ ਨਹੀਂ ਹੋਣੀ। ਇਹ ਕਨੂੰਨ ਤਾਂ ਸਿਰਫ ਬਹਾਨਾ ਹਨ, ਅਸਲ ਵਿੱਚ ਮੋਦੀ ਹਕੂਮਤ ਤਾਂ ਠੋਕ-ਵਜਾ ਕੇ ਕਹਿਣਾ ਚਾਹੁੰਦੀ ਹੈ ਕਿ ਇਹ ਦੇਸ਼ ਹੁਣ ਹਿੰਦੂ ਰਾਸ਼ਟਰ ਹੈ ਤੇ ਇੱਥੇ ਸਿਰਫ ਹਿੰਦੂਆਂ ਨੂੰ ਰਹਿਣ ਦਾ ਹੱਕ ਹੈ। ਇਸ ਕਰਕੇ ਇਹ ਕਨੂੰਨ ਮੁਸਲਮਾਨ ਅਬਾਦੀ ਲਈ ਬਹੁਤ ਵੱਡਾ ਖਤਰਾ ਹਨ।

ਪਰ ਇਹ ਸਿਰਫ ਮੁਸਲਮਾਨਾਂ ਲਈ ਹੀ ਖਤਰਾ ਨਹੀਂ ਹਨ। ਇਕੱਲੇ ਅਸਾਮ ਵਿੱਚ ਇਹ ਸੂਚੀ ਤਿਆਰ ਕਰਨ ਲਈ 1800 ਕਰੋੜ ਦਾ ਖਰਚਾ ਹੋਇਆ ਸੀ। ਨੌਕਰਸ਼ਾਹੀ ਨੇ ਲੋਕਾਂ ਨੂੰ ਵੀ ਸੂਚੀ ’ਚੋਂ ਬਾਹਰ ਹੋ ਜਾਣ ਦਾ ਡਰ ਦੇਕੇ ਕਰੋੜਾਂ ਰੁਪਏ ਉਗਰਾਹੇ ਸਨ। ਦਹਾਕਿਆਂ ਤੋਂ ਅਸਾਮ ਵਿੱਚ ਰਹਿ ਰਹੇ ਅਨੇਕਾਂ ਲੋਕ ਨਾਗਰਿਕਤਾ ਸੂਚੀ ’ਚੋਂ ਬਾਹਰ ਕਰ ਦਿੱਤੇ ਗਏ। ਇਹਨਾਂ ਵਿੱਚ ਵੀ ਵੱਡੀ ਬਹੁਗਿਣਤੀ ਹਿੰਦੂਆਂ ਦੀ ਸੀ। ਇਸ ਕਰਕੇ ਪੂਰੇ ਦੇਸ਼ ਵਿੱਚ ਨਾਗਰਿਕਤਾ ਸੂਚੀ ਲਾਗੂ ਕਰਨ ਨਾਲ਼ ਨਾ ਸਿਰਫ ਅਰਬਾਂ ਰੁਪਏ ਬਰਬਾਦ ਹੋਣਗੇ ਸਗੋਂ ਆਮ ਲੋਕਾਂ ਦੀ ਵੀ ਵੱਡੇ ਪੱਧਰ ’ਤੇ ਖੱਜਲ-ਖੁਆਰੀ ਹੋਵੇਗੀ, ਨੌਕਰਸ਼ਾਹੀ-ਅਫਸਰਸ਼ਾਹੀ ਦਸਤਾਵੇਜਾਂ ਲਈ ਮੋਟੀਆਂ ਰਕਮਾਂ ਵਸੂਲ ਕਰੇਗੀ ਕਿਉਂਕਿ ਅਬਾਦੀ ਦਾ ਇੱਕ ਵੱਡਾ ਹਿੱਸਾ ਅਨਪੜ੍ਹ ਹੈ, ਉਹਨਾਂ ਕੋਲ਼ ਅਨੇਕਾਂ ਦਸਤਾਵੇਜ ਨਹੀਂ ਹਨ, ਸਹੀ ਜਾਣਕਾਰੀਆਂ ਨਹੀਂ ਹਨ, ਕਰੋੜਾਂ ਲੋਕਾਂ ਦੇ ਸਿਰ ’ਤੇ ਤਾਂ ਛੱਤ ਵੀ ਨਹੀਂ ਹੈ। ਭਲਾ ਅਜਿਹੇ ਲੋਕ ਆਪਣੀ ਨਾਗਰਿਕਤਾ ਕਿਵੇਂ ਸਾਬਿਤ ਕਰਨਗੇ ? ਅਤੇ ਇਹਨਾਂ ਵਿੱਚ ਸਭ ਧਰਮਾਂ ਦੇ ਲੋਕ ਸ਼ਾਮਲ ਹੋਣਗੇ। ਨਾਗਰਿਕਤਾ ਦੀ ਸੂਚੀ ’ਚੋਂ ਬਾਹਰ ਹੋਣ ਵਾਲ਼ੇ ਤੁਸੀਂ ਵੀ ਹੋ ਸਕਦੇ ਹੋ ਜੋ ਸੱਤ੍ਹਾ ਵਿਰੋਧੀ ਹੋ, ਸਰਕਾਰ ਦੀਆਂ ਲੋਕਦੋਖੀ ਨੀਤੀਆਂ ਖਿਲਾਫ ਜਾਂ ਆਪਣੇ ਹੱਕਾਂ ਲਈ ਸੜਕਾਂ ’ਤੇ ਉੱਤਰਦੇ ਹੋ, ਜਥੇਬੰਦੀਆਂ ਬਣਾਉਂਦੇ ਹੋ ਤੇ ਇਨਕਲਾਬੀ ਸਾਹਿਤ ਪੜ੍ਹਦੇ ਹੋ। ਇੰਝ ਇਸਨੂੰ ਸੱਤ੍ਹਾ ਵਿਰੋਧੀ ਲੋਕਾਂ ਦੇ ਖਿਲਾਫ ਵਰਤਿਆ ਜਾਣ ਵਾਲ਼ਾ ਹਥਿਆਰ ਵੀ ਬਣਾਇਆ ਜਾਵੇਗਾ।

ਨਾਗਰਿਕਤਾ ਤੋਂ ਬਾਹਰ ਕੀਤੇ ਗਏ ਲੋਕਾਂ ਨੂੰ ਹਿਟਲਰ ਵਾਂਗ ਨਜਰਬੰਦੀ ਕੈਂਪਾਂ ’ਚ ਤਾੜਿਆ ਜਾਵੇਗਾ। ਅਸਾਮ ਵਿੱਚ ਇਹੋ ਕੁੱਝ ਹੋਇਆ ਹੈ। 10 ਜੁਲਾਈ 2019 ਨੂੰ ਰਾਜ ਸਭਾ ਵਿੱਚ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਕਿਹਾ ਸੀ ਕਿ ਨਾਗਰਿਕਤਾ ਦੀ ਪੁਸ਼ਟੀ ਹੋਣ ਤੱਕ ਦੇਸ਼ ਵਿੱਚ ਆਏ ਨਾਜਾਇਜ ਲੋਕਾਂ ਨੂੰ ਦੇਸ਼ ਤੋਂ ਕੱਢਿਆ ਨਹੀਂ ਜਾਵੇਗਾ ਸਗੋਂ ਉਹਨਾਂ ਨੂੰ ਨਜਰਬੰਦੀ ਕੈਂਪਾਂ ਵਿੱਚ ਰੱਖਿਆ ਜਾਵੇਗਾ। 9 ਜਨਵਰੀ 2019 ਨੂੰ ਯੂਨੀਅਨ ਸਰਕਾਰ ਨੇ ਸਭ ਸੂਬਾ ਸਰਕਾਰਾਂ ਨੂੰ ਇੱਕ ਚਿੱਠੀ ਭੇਜੀ ਸੀ ਜਿਸ ਵਿੱਚ ਨਜਰਬੰਦੀ ਕੈਂਪਾਂ ਦੀ ਬਣਤਰ, ਉਹਨਾਂ ਵਿਚਲੀਆਂ ਸਹੂਲਤਾਂ ਆਦਿ ਬਾਰੇ ਨਿਰਦੇਸ਼ ਦਿੱਤੇ ਗਏ ਸਨ। ਇੰਝ ਅਸਾਮ ਵਾਂਗ ਦੇਸ਼ ਦੇ ਹੋਰਨਾਂ ਹਿੱਸਿਆਂ ਵਿੱਚ ਨਜਰਬੰਦੀ ਕੈਂਪ ਬਣਾਉਣ ਨੂੰ ਹਰੀ ਝੰਡੀ ਦਿੱਤੀ ਜਾ ਚੁੱਕੀ ਹੈ।

ਉਪਰੋਕਤ ਤੋਂ ਇਹ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ‘ਨਾਗਰਿਕਤਾ ਸੋਧ ਕਨੂੰਨ’ ਦਾ ਸਬੰਧ ‘ਕੌਮੀ ਨਾਗਰਿਕ ਰਜਿਸਟਰ’ ਅਤੇ ‘ਕੌਮੀ ਜਨਸੰਖਿਆ ਰਜਿਸਟਰ’ ਨਾਲ਼ ਹੈ ਅਤੇ ਇਹ ਮੁਸਲਮਾਨਾਂ ਦੇ ਨਾਲ਼-ਨਾਲ਼ ਦੇਸ਼ ਦੇ ਹੋਰ ਧਰਮਾਂ ਦੇ ਲੋਕਾਂ ਤੋਂ ਵੀ ਵੱਡੇ ਪੱਧਰ ਉੱਤੇ, ਖਾਸਕਰ ਗਰੀਬਾਂ ਤੋਂ, ਨਾਗਰਿਕਤਾ ਖੋਹਣ ਦਾ ਕਨੂੰਨ ਹੈ। ਇਸ ਲਈ ਇਸਦੇ ਰੱਦ ਕਰਵਾਉਣ ਲਈ ਸਖਤ ਜਾਨ ਲੋਕ ਘੋਲ਼ ਲੜਨਾ ਪਵੇਗਾ। ਨਾਗਰਿਕਤਾ ਹੱਕਾਂ ਵਿੱਚ ਸੋਧਾਂ ਖਿਲਾਫ ਪਿਛਲੀ ਵਾਰ ਦੇਸ਼ ਪੱਧਰ ’ਤੇ ਖੜ੍ਹੀ ਹੋਈ ਇਤਿਹਾਸਕ ਲੋਕ ਲਹਿਰ ਨੇ ਮੋਦੀ ਹਕੂਮਤ ਦੀ ਰਾਤਾਂ ਦੀ ਨੀਂਦ ਉਡਾ ਦਿੱਤੀ ਸੀ, ਜਿਸ ਵਜਾਹ ਕਰਕੇ ਭਾਜਪਾ ਕਨੂੰਨਾਂ ਨੂੰ ਲਾਗੂ ਨਾ ਕਰ ਸਕੀ ਤੇ ਮਸਲਾ ਠੰਢੇ ਬਸਤੇ ਵਿੱਚ ਪਾ ਦਿੱਤਾ ਸੀ। ਐਤਕੀਂ ਦੇਸ਼ ਦੇ ਜਨਤਕ-ਜਮਹੂਰੀ ਤੇ ਇਨਸਾਫਪਸੰਦ ਹਿੱਸਿਆਂ ਨੂੰ ਇੱਕ ਵਿਸ਼ਾਲ ਲੋਕ ਲਾਮਬੰਦੀ ਕਰਕੇ ਪਹਿਲਾਂ ਤੋਂ ਵੀ ਵੱਡੇ ਪੱਧਰ ਉੱਤੇ ਲੋਕਾਂ ਨੂੰ ਸੜਕਾਂ ’ਤੇ ਉੱਤਰਨਾ ਪਵੇਗਾ।•

‘ਲਲਕਾਰ’ ਇੱਥੋਂ ਪ੍ਰਾਪਤ ਕਰੋ

ਚੰਡੀਗੜ੍ਹ • ਮਾਨਵ, ਪੰਜਾਬ ਯੂਨੀ.— ਫੋਨ-98888-08188

• ਪੰਜਾਬ ਬੁੱਕ ਸੈਂਟਰ, 1126-27, 22 ਬੀ।

ਪਟਿਆਲਾ • ਹਰਪ੍ਰੀਤ, ਪੰਜਾਬੀ ਯੂਨੀ.— ਫੋਨ-73074-75463,

ਅੰਮ੍ਰਿਤਸਰ • ਰਵਿੰਦਰ— ਫੋਨ-83601-88264,

• **ਮੰਡੀ ਗੋਬਿੰਦਗੜ੍ਹ/ਖੰਨਾ** • ਅਵਨੀਤ – ਫੋਨ-94645-66665

ਲੁਧਿਆਣਾ • ਜਨਚੇਤਨਾ, ਪੰਜਾਬੀ ਭਵਨ, ਫੋਨ – 70429-76396

ਸੰਗਰੂਰ • ਅਮਨ, ਫੋਨ -73555-73476

ਜਲੰਧਰ • ਪੰਜਾਬ ਬੁੱਕ ਸੈਂਟਰ, ਨੇੜੇ ਹੋਟਲ ਪਲਾਜ਼ਾ, ਦਿਲਕੁਸ਼ਾ ਮਾਰਕੀਟ।

ਬਠਿੰਡਾ • ਗੁਰਵਿੰਦਰ, ਫੋਨ-95170-45458,

ਜੈਤੋ • ਗਰਪ੍ਰੀਤ ਨੌਂਭਾਸ-75893-10383

ਸਿਰਸਾ • ਅਮਨ, ਫੋਨ-99918-54101

ਤਬਦੀਲੀ ਪਸੰਦ ਨੌਜਵਾਨਾਂ ਦੀ ਲਲਕਾਰ

ਪੰਦਰਵਾੜਾ ♦ ਸਾਲ 13 ♦ ਅੰਕ : 3 (16-31 ਮਾਰਚ 2024) ♦ ਕੁੱਲ ਅੰਕ- 228

ਇੱਕ ਕਾਪੀ ਦਾ ਮੁੱਲ – 10 ਰੁਪਏ ਸਲਾਨਾ ਚੰਦਾ – 240 ਰੁ. (ਡਾਕ ਰਾਹੀਂ 300 ਰੁ.)

ਵਿਦੇਸ਼ – 100 ਡਾਲਰ (70 ਪੌਂਡ,)

ਉਮਰ ਭਰ ਲਈ – 5000 ਰੁ:

ਸੰਪਾਦਕ — ਮਾਨਵਜੋਤ ਸਿੰਘ

ਸੰਪਾਦਕੀ ਬੋਰਡ — ਛਿੰਦਰਪਾਲ, ਨਵਜੋਤ, ਤਜਿੰਦਰ

ਪ੍ਰਬੰਧਕ- ਤਜਿੰਦਰ; ਫੋਨ ਨੰ. – 94171-11015

ਸੰਪਾਦਕੀ ਦਫ਼ਤਰ : ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਜ਼, ਸਰਹਿੰਦ ਸ਼ਹਿਰ, ਜ਼ਿਲ੍ਹਾ - ਫਤਿਹਗੜ੍ਹ ਸਾਹਿਬ, ਪੰਜਾਬ - 140406.

ਤੁਸੀਂ ਆਪਣੀ ਮੈਂਬਰਸ਼ਿਪ/ਸਹਿਯੋਗ ਰਾਸ਼ੀ ਹੇਠ ਦਿੱਤੇ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾ ਸਕਦੇ ਹੋ। ਸਹਿਯੋਗ ਰਾਸ਼ੀ ਭੇਜਕੇ ਉੱਪਰ ਦਿੱਤੇ ਪ੍ਰਬੰਧਕ ਦੇ ਫੋਨ ਨੰਬਰ ’ਤੇ ਸੂਚਿਤ ਜ਼ਰੂਰ ਕਰ ਦਿਓ-

TABDILI PASAND NAUJWANA DI LALKAAR
STATE BANK OF INDIA
BRANCH - SIRHIND CITY
IFSC CODE- SBIN0050129
A/C No. - 37088079408

ਇੰਟਰਨੈੱਟ ’ਤੇ ਲਲਕਾਰ — **lalkaar.wordpress.com**

ਈਮੇਲ : **lalkaar08@rediffmail.com**

F **https://www.facebook.com/lalkaar.mag**

UPI ID - lalkaarpb@upi
UPI Number - 18501950

ਕੌਮਾਂਤਰੀ ਮਜਦੂਰ ਔਰਤ ਦਿਹਾੜੇ (8 ਮਾਰਚ) ਮੌਕੇ

ਔਰਤ ਮੁਕਤੀ ਲਹਿਰ ਦੀ ਸਮਾਜ ਤਬਦੀਲੀ ਦੀ ਲਹਿਰ ਨਾਲ਼ ਜੁੜਤ ਲਾਜਮੀ

8 ਮਾਰਚ 1908 ਵਿੱਚ ਨਿਊਯਾਰਕ (ਅਮਰੀਕਾ) ਵਿੱਚ ਕੱਪੜਾ ਫੈਕਟਰੀ ਵਿੱਚ ਕੰਮ ਕਰਦੀਆਂ ਕਰੀਬ 15,000 ਮਜਦੂਰ ਔਰਤਾਂ, ਮਰਦਾਂ ਬਰਾਬਰ ਤਨਖਾਹ, ਵੋਟ ਦੇ ਹੱਕ, ਕੰਮ ਦੇ ਘੰਟੇ ਘਟਾਉਣ ਤੇ ਕੰਮ ਦੀਆਂ ਹਾਲਤਾਂ ਵਿੱਚ ਸੁਧਾਰ ਜਿਹੀਆਂ ਮੰਗਾਂ ਨੂੰ ਲੈਕੇ ਹੜ੍ਹਤਾਲ ਕਰਕੇ ਸ਼ਹਿਰ ਦੀਆਂ ਸੜਕਾਂ ’ਤੇ ਨਿੱਕਲੀਆਂ। ਇਉਂ ਆਪਣੀ ਜਥੇਬੰਦ ਤਾਕਤ ਨਾਲ਼ ਉਹਨਾਂ ਨੇ ਸਮਾਜ ਵਿੱਚ ਆਪਣੇ ਬਰਾਬਰ ਹਿੱਸੇ ਦੀ ਮੰਗ ਕੀਤੀ। ਇਸਤੋਂ ਬਾਅਦ ਮਰਦ ਤੇ ਔਰਤ ਕੱਪੜਾ ਮਜਦੂਰਾਂ ਨੇ ਕਰੀਬ 3 ਮਹੀਨੇ ਲੰਬਾ ਸੰਘਰਸ਼ ਲੜਿਆ ਜਿਸ ਵਿੱਚ ਤੀਜਾ ਹਿੱਸਾ (ਕਰੀਬ 20,000) ਔਰਤਾਂ ਸਨ। ਭਾਵੇਂ ਇਸ ਸੰਘਰਸ਼ ਨੂੰ ਪੁਲਿਸ ਨੇ ਜਬਰ ਰਾਹੀਂ ਕੁਚਲ ਦਿੱਤਾ ਸੀ ਪਰ ਵੱਡੀ ਗਿਣਤੀ ’ਚ ਮਜਦੂਰ ਔਰਤਾਂ ਦਾ ਜਥੇਬੰਦ ਹੋਣਾ ਤੇ ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਅਹਿਮ ਪ੍ਰਾਪਤੀ ਸੀ। ਇਸ ਘਟਨਾ ਦੀ ਯਾਦ ਵਿੱਚ ਦੂਜੀ ਕਮਿਊਨਿਸਟ ਕੌਮਾਂਤਰੀ ਨੇ 1910 ’ਚ 8 ਮਾਰਚ ਨੂੰ ਕੌਮਾਂਤਰੀ ਔਰਤ ਦਿਵਸ ਨੂੰ ਮਨਾਏ ਜਾਣ ਦੀ ਪਿਰਤ ਪਾਈ। ਇਸ ਫੈਸਲੇ ਤਹਿਤ 1911 ਵਿੱਚ ਯੂਰਪ ਦੇ ਵੱਖ-ਵੱਖ ਦੇਸ਼ਾਂ ਵਿੱਚ ਕਰੀਬ 10 ਲੱਖ ਤੋਂ ਵੀ ਵੱਧ ਔਰਤਾਂ ਇਸ ਦਿਨ ਆਪਣੇ ਹੱਕਾਂ ਲਈ ਸੜਕਾਂ ਉੱਪਰ ਆਈਆਂ। ਇਸ ਤਰ੍ਹਾਂ ਇਸ ਦਿਨ ਦਾ ਇਤਿਹਾਸ ਇਸ ਧਰਤੀ ਉੱਪਰ ਔਰਤਾਂ ਲਈ ਬਰਾਬਰੀ ਤੇ ਸਨਮਾਨ ਵਾਲ਼ੀ ਜਿੰਦਗੀ ਲਈ ਖੁਦ ਅੱਗੇ ਆਕੇ ਸੰਘਰਸ਼ ਨਾਲ਼ ਜੁੜਿਆ ਹੋਇਆ ਹੈ।

ਅਜੋਕੇ ਭਾਰਤ ਵਿੱਚ ਔਰਤਾਂ ਦੀ ਹਾਲਤ

ਭਾਰਤ ਵਿੱਚ 2020 ਵਿੱਚ ਔਰਤਾਂ ਖਿਲਾਫ ਜੁਰਮਾਂ ਦੇ 3,71,503 ਮਾਮਲੇ ਦਰਜ ਹੋਏ। ਹਰ ਘੰਟੇ ਘਰੇਲੂ ਹਿੰਸਾ ਦੇ 15 ਤੇ ਬਲਾਤਕਾਰ ਦੇ 3 ਮਾਮਲੇ ਦਰਜ ਹੁੰਦੇ ਹਨ। ਪਰ ਅਸਲ ਤਸਵੀਰ ਇਸ ਨਾਲ਼ੋਂ ਵੀ ਕਈ ਗੁਣਾ ਖੌਫਨਾਕ ਹੈ ਕਿਉਂਕਿ ਵੱਡੀ ਗਿਣਤੀ ’ਚ ਅਜਿਹੇ ਜੁਰਮ ਕਿਤੇ ਦਰਜ ਨਹੀਂ ਹੁੰਦੇ। ਇਹਨਾਂ ਜੁਰਮਾਂ ਵਿੱਚ ਘਰੇਲੂ ਹਿੰਸਾ ਤੋਂ ਲੈ ਕੇ ਬਲਾਤਕਾਰ ਤੇ ਕਤਲ ਤੱਕ ਦੇ ਜੁਰਮ ਹਨ। ਦਿੱਲੀ ਸਿਰਫ ਮੁਲਕ ਦੀ ਹੀ ਰਾਜਧਾਨੀ ਨਹੀਂ ਸਗੋਂ ਔਰਤਾਂ ਵਿਰੁੱਧ ਜੁਰਮਾਂ ਦੀ ਵੀ ਰਾਜਧਾਨੀ ਹੈ। ਔਰਤਾਂ ਨਾਲ਼ ਦਾਬੇ, ਵਿਤਕਰੇ ਤੇ ਹਿੰਸਾ ਦੇ ਬਹੁਤ ਸਾਰੇ ਰੂਪਾਂ ਨੂੰ ਹਾਲੇ ਸਾਡਾ ਕਨੂੰਨ ਵੀ ਜੁਰਮ ਨਹੀਂ ਮੰਨਦਾ। ਵਿਆਹੁਤਾ ਬਲਾਤਕਾਰ ਨੂੰ ਇੱਥੋਂ ਦਾ ਨਿਆਂਇਕ ਪ੍ਰਬੰਧ ਜੁਰਮ ਮੰਨਣ ਨੂੰ ਤਿਆਰ ਹੀ ਨਹੀਂ ਹੈ, ਸਗੋਂ ਇਸਨੂੰ ਮਰਦ ਦਾ ਆਪਣੀ ਪਤਨੀ ਉੱਪਰ ਹੱਕ ਮੰਨਦਾ ਹੈ।

ਸਾਡੇ ਪੱਛੜੇ ਸਮਾਜ ਵਿੱਚ ਅਕਸਰ ਕੁੜੀ ਦੇ ਜੰਮਣ ’ਤੇ ਪਰਿਵਾਰਾਂ ਦੇ ਚਿਹਰਿਆਂ ਉੱਪਰ ਛਾਈ ਉਦਾਸੀ ਤੋਂ ਔਰਤਾਂ ਨਾਲ਼ ਵਿਤਕਰਾ ਸ਼ੁਰੂ ਹੋ ਜਾਂਦਾ ਹੈ। ਕੁੜੀਆਂ ਦਾ ਪਾਲਣ-ਪੋਸ਼ਣ ਵੱਖਰੇ ਢੰਗ ਨਾਲ਼ ਹੁੰਦਾ ਹੈ, ਉਹਨਾਂ ਦੀ ਚੁੱਲ੍ਹੇ-ਚੌਂਕੇ ਦੇ ਘਰੇਲੂ ਕੰਮ ਸਾਂਭਣ, ਪਾਬੰਦੀਆਂ ਮੰਨਣ ਅਤੇ ਸਭ ਚੁੱਪ-ਚਾਪ ਸਹਿਣ ਕਰਨ ਲਈ ਢਲਾਈ ਕੀਤੀ ਜਾਂਦੀ ਹੈ। ਆਪਣੀ ਮਰਜੀ ਨਾਲ਼ ਪੜ੍ਹਨਾ, ਕਿੱਤਾ ਚੁਣਨਾ ਜਾਂ ਵਿਆਹ ਕਰਵਾਉਣ ਦਾ ਹੱਕ ਹਾਲੇ ਬੜੀ ਨਿਗੂਣੀ ਜਿਹੀ ਗਿਣਤੀ ਕੋਲ਼ ਹੈ।

ਸਵੇਰ ਸਭ ਤੋਂ ਪਹਿਲਾਂ ਉੱਠ ਕੇ ਦੇਰ ਰਾਤ ਤੱਕ ਦਿਨ-ਭਰ ਨੀਰਸ ਕੰਮ ਕਰਨ ਵਾਲ਼ੀਆਂ ਸਾਡੀਆਂ ਮਾਵਾਂ ਦੇ ਕੰਮ ਨੂੰ ਕੋਈ ਮਾਨਤਾ ਹੀ ਨਹੀਂ ਦਿੱਤੀ ਜਾਂਦੀ। ਪਰਿਵਾਰਕ ਤੇ ਸਮਾਜਿਕ ਮਾਮਲਿਆਂ ਵਿੱਚ ਔਰਤਾਂ ਦੀ ਰਾਇ ਲੈਣਾ ਨਾਮਾਤਰ ਹੈ ਕਿਉਂਕਿ ਸਾਡੇ ਸਮਾਜ ’ਚ ਇਹ ਕੁਧਾਰਨਾ ਜੜ੍ਹ ਹੋ ਚੁੱਕੀ ਹੈ ਕਿ ਇਹਨਾਂ ਮਾਮਲਿਆਂ ’ਚ ਔਰਤਾਂ ਨੂੰ ਅਕਲ ਨਹੀਂ ਹੁੰਦੀ। ਇਉਂ ਦਾਬੇ ਦਾ ਇੱਕ ਰੂਪ ਜਗੀਰੂ ਪਿੱਤਰਸੱਤ੍ਹਾ ਸੋਚ ਹੈ ਜੋ ਔਰਤਾਂ ਨੂੰ ਮਰਦ ਦਾ ਗੁਲਾਮ, ਉਸਤੋਂ ਨੀਵਾਂ ਸਮਝਦੀ ਹੈ।

ਸਰਮਾਏਦਾਰੀ ਵੱਲੋਂ ਆਧੁਨਿਕਤਾ ਦੇ ਨਾਮ ’ਤੇ ਵੀ ਔਰਤਾਂ ਦੀ ਗੁਲਾਮੀ ਦੇ ਨਵੇਂ ਰੂਪ ਪੈਦੇ ਕੀਤੇ ਗਏ ਹਨ। ਔਰਤਾਂ ਦਾ ਜਿਸਮ, ਸੁਹੱਪਣ ਅੱਜ ਇੱਕ ਮੰਡੀ ਦੀ ਵਸਤ ਬਣ ਚੁੱਕਾ ਹੈ ਜਿਸਦੇ ਦਮ ’ਤੇ ਫੈਸ਼ਨ, ਮਾਡਲਿੰਗ, ਮੈਗਜੀਨਾਂ, ਗੀਤਾਂ, ਫਿਲਮਾਂ ਅਤੇ ਜਿਣਸਾਂ ਦੀ ਵਿੱਕਰੀ ਲਈ ਔਰਤਾਂ ਦੇ ਜਿਸਮ ਨੂੰ ਵਿਗਿਆਪਨ ਲਈ ਵਰਤਣ ਜਿਹੇ ਕਾਰੋਬਾਰ ਚੱਲ ਰਹੇ ਹਨ। ਇਸਦੇ ਨਾਲ਼ ਹੀ ਔਰਤਾਂ ਨੂੰ ਵੇਸਵਾਗਮਨੀ ਤੇ ਗੰਦੀਆਂ ਫਿਲਮਾਂ ਦੇ ਘਿਨਾਉਣੇ ਤੇ ਅਣਮਨੁੱਖੀ ਕੰਮਾਂ ਵਿੱਚ ਧੱਕ ਕੇ ਉਹਨਾਂ ਰਾਹੀਂ ਅਰਬਾਂ ਰੁਪਿਆਂ ਦੀ ਕਮਾਈ ਕੀਤੀ ਜਾਂਦੀ ਹੈ। ਸੰਸਾਰ ਦੇ ਕਈ ਦੇਸ਼ਾਂ ਵਿੱਚ ਵੇਸਵਾਗਮਨੀ ਤੇ ਪੋਰਨ ਫਿਲਮਾਂ ਆਦਿ ਨੂੰ ਕਨੂੰਨੀ ਮਾਨਤਾ ਹੈ। ਇਉਂ ਸਰਮਾਏਦਾਰੀ ਨੇ ਔਰਤਾਂ ਦੀ ਗੁਲਾਮੀ ਦਾ ਇੱਕ ਨਵਾਂ ਰੂਪ ਸਾਹਮਣੇ ਲਿਆਂਦਾ ਹੈ ਜਿੱਥੇ ਔਰਤ ਮੰਡੀ ’ਚ ਵਿਕਣ ਵਾਲ਼ੀ ਇੱਕ ਵਸਤੂ ਬਣਕੇ ਰਹਿ ਗਈ ਹੈ।

ਕਾਰਖਾਨਿਆਂ, ਖੇਤਾਂ, ਦੁਕਾਨਾਂ ਤੇ ਘਰਾਂ ਆਦਿ ਵਿੱਚ ਆਪਣੀ ਮਿਹਨਤ ਨਾਲ਼ ਕੰਮ ਕਰਕੇ ਗੁਜਾਰਾ ਕਰਨ ਵਾਲ਼ੀਆਂ ਮਜਦੂਰ ਔਰਤਾਂ ਦੀ ਗਿਣਤੀ ਕੁੱਲ ਔਰਤਾਂ ਦੇ 70 ਫੀਸਦੀ ਦੇ ਕਰੀਬ ਹੈ। ਸਰਮਾਏਦਾਰਾ ਢਾਂਚੇ ਲਈ ਔਰਤਾਂ ਨਾ ਸਿਰਫ ਸਸਤੀਆਂ ਮਜਦੂਰ ਹਨ ਸਗੋਂ ਇਹਨਾਂ ਕੰਮਾਂ ਦੀਆਂ ਥਾਵਾਂ ’ਤੇ ਵੀ ਸ਼ਰਮਨਾਕ ਗੁਲਾਮੀ, ਛੇੜਛਾੜ ਤੇ ਬਲਤਕਾਰ ਜਿਹੀਆਂ ਘਟਨਾਵਾਂ ਇਹਨਾਂ ਦਾ ਖਹਿੜਾ ਨਹੀਂ ਛੱਡਦੀਆਂ। ਸੰਸਾਰ ਭਰ ’ਚ ਘੰਟਿਆਂ ਪੱਖੋਂ ਕੀਤੀ ਜਾਣ ਵਾਲ਼ੀ ਕਿਰਤ ਵਿੱਚ ਔਰਤਾਂ ਦਾ ਹਿੱਸਾ 67 ਫੀਸਦੀ ਹੈ ਪਰ ਆਮਦਨ ’ਚ ਉਹਨਾਂ ਦਾ ਹਿੱਸਾ 10 ਫੀਸਦੀ ਹੀ ਹੈ। ਭਾਰਤ ਵਿੱਚ ਅੱਧੀਆਂ ਤੋਂ ਵੱਧ ਔਰਤਾਂ ਕੁਪੋਸ਼ਣ ਤੇ ਖ਼ੂਨ ਦੀ ਕਮੀ ਦੀਆਂ ਸ਼ਿਕਾਰ ਹਨ।

ਮੁਲਕ ਦੇ ਲੀਡਰ, ਪੁਲਿਸ-ਪ੍ਰਸ਼ਾਸਨ ਦੇ ਅਧਿਕਾਰੀ ਛੇੜਛਾੜ ਤੋਂ ਲੈਕੇ ਬਲਾਤਕਾਰ, ਕਤਲ ਤੇ ਕੁੜੀਆਂ ਨੂੰ ਵੇਚਣ ਤੱਕ ਔਰਤਾਂ ਵਿਰੁੱਧ ਜੁਰਮਾਂ ਵਿੱਚ ਸ਼ਾਮਲ ਹਨ। ਕਸ਼ਮੀਰ ਤੇ ਉੱਤਰ-ਪੂਰਬ ਵਿੱਚ ਉੱਥੋਂ ਦੇ ਲੋਕਾਂ ਨੂੰ ਦਬਾਉਣ ਲਈ ਔਰਤਾਂ ਨਾਲ਼ ਬਲਾਤਕਾਰ ਨੂੰ ਭਾਰਤ ਸਰਕਾਰ ਆਪਣਾ ਵਿਸ਼ੇਸ਼ ਹਥਿਆਰ ਮੰਨਦੀ ਹੈ। ਧਾਰਮਿਕ ਫਸਾਦਾਂ, ਕਤਲੇਆਮਾਂ ’ਚ ਵੀ ਔਰਤਾਂ ਮੁੱਖ ਸ਼ਿਕਾਰ ਹੁੰਦੀਆਂ ਹਨ। ਕਰਨਾਟਕ ’ਚ ਹਿਜਾਬ ਉੱਪਰ ਚੱਲਿਆ ਵਿਵਾਦ ਗਵਾਹ ਹੈ ਕਿ ਕਿਵੇਂ ਔਰਤਾਂ ਨੂੰ ਫਿਰਕੂ ਵੰਡੀਆਂ ਦੀ ਸਿਆਸਤ ਦਾ ਹੱਥਕੰਡਾ ਬਣਾਇਆ ਜਾਂਦਾ ਹੈ। ਇੱਥੋਂ ਦਾ ਸਿਆਸੀ ਪ੍ਰਬੰਧ ਔਰਤਾਂ ਨੂੰ ਬਰਾਬਰੀ ਜਾਂ ਸੁਰੱਖਿਆ ਦੇਣ ’ਚ ਨਾਕਾਬਿਲ ਹੈ, ਨਿਆਂਇਕ ਪ੍ਰਬੰਧ ਉਹਨਾਂ ਨੂੰ ਇਨਸਾਫ ਦੇਣ ’ਚ ਨਾਕਾਮ ਹੈ।

ਮੁੱਕਦੀ ਗੱਲ ਔਰਤਾਂ ਨਾਲ਼ ਦਾਬਾ, ਵਿਤਕਰਾ ਤੇ ਜੁਰਮ ਸਾਡੇ ਸਮਾਜ ਦੀ ਰਗ-ਰਗ ਵਿੱਚ ਸਮਾਏ ਹੋਏ ਹਨ। ਸਦੀਆਂ ਤੋਂ ਚੱਲੀ ਆ ਰਹੀ ਔਰਤਾਂ ਦੀ ਇਸ ਗੁਲਾਮੀ ਵਾਲ਼ੀ ਹਾਲਤ ਨੂੰ ਲੰਬੀ ਤੇ ਅਣਥੱਕ ਲੜਾਈ ਬਿਨਾਂ ਨਹੀਂ ਬਦਲਿਆ ਜਾ ਸਕਦਾ।



ਔਰਤਾਂ ਦੀ ਮੁਕਤੀ ਸਬੰਧੀ ਗਲਤ ਵਿਚਾਰ ਤੇ ਅਸਲ ਰਾਹ

ਔਰਤਾਂ ਦੀ ਮੁਕਤੀ ਲਈ ਵੱਖ-ਵੱਖ ਕਿਸਮ ਦੇ ਵਿਚਾਰ ਮੌਜੂਦ ਹਨ ਜਿਹਨਾਂ ਵਿੱਚੋਂ ਬਹੁਤੇ ਇਸ ਲੜਾਈ ਨੂੰ ਕੁਰਾਹੇ ਪਾਈ ਰੱਖਦੇ ਹਨ। ਅਜੋਕਾ ਨਾਰੀਵਾਦ ਅਜਿਹੀ ਹੀ ਵਿਚਾਰਧਾਰਾ ਹੈ। ਨਾਰੀਵਾਦ ਦਾ ਇੱਕ ਰੂਪ ਸਿਰਫ ਮਰਦਾਂ ਨੂੰ ਹੀ ਔਰਤਾਂ ਦੀ ਗੁਲਾਮੀ ਲਈ ਜਿੰਮੇਵਾਰ ਮੰਨਦਾ ਹੈ ਤੇ ਮਰਦਾਂ ਖਿਲਾਫ ਸੰਘਰਸ਼ ਦੀ ਗੱਲ ਕਰਦਾ ਹੈ। ਭਾਵੇਂ ਅਤੀਤ ਵਿੱਚ ਨਾਰੀਵਾਦ ਦਾ ਦੂਜਾ ਰੂਪ ਵੀ ਰਿਹਾ ਹੈ ਜਿਹੜਾ ਸਰਕਾਰ ਤੋਂ ਔਰਤਾਂ ਲਈ ਬਰਾਬਰੀ ਦੀ ਮੰਗ ਕਰਦਾ ਸੀ। ਇਸਨੇ 19ਵੀਂ ਸਦੀ ਵਿੱਚ ਸਰਕਾਰ ਤੋਂ ਵੋਟ ਦੇ ਹੱਕ ਤੇ ਜਾਇਦਾਦ ਦੇ ਹੱਕ ਦੀ ਮੰਗ ਨੂੰ ਉਭਾਰਿਆ ਸੀ ਪਰ ਇਹ ਵੀ ਮੱਧਵਰਗ ਦੀਆਂ ਔਰਤਾਂ ਤੱਕ ਸੀਮਤ ਸੀ। ਇਸ ਵਿਚਾਰ ਦੀ ਦੂਜੀ ਖਾਮੀ ਇਹ ਹੈ ਕਿ ਇਹ ਔਰਤਾਂ ਦੀ ਗੁਲਾਮੀ ਦੇ ਇਤਿਹਾਸਕ ਤੌਰ ’ਤੇ ਪੈਦਾ ਹੋਣ ਦੇ ਵਿਗਿਆਨ ਨੂੰ ਨਹੀਂ ਸਝਦਾ।

ਇਸਦੀ ਤੀਜੀ ਘਾਟ ਇਹ ਹੈ ਕਿ ਇਹ ਲਿੰਗਕ ਵੰਡ ਨੂੰ ਜਮਾਤੀ ਵੰਡ ਨਾਲ਼ੋਂ ਵੀ ਬੁਨਿਆਦੀ ਮੰਨਦਾ ਹੈ, ਜਦਕਿ ਮਨੁੱਖਤਾ ਦਾ ਇਤਿਹਾਸ ਗਵਾਹ ਹੈ ਕਿ ਔਰਤਾਂ ਹਮੇਸ਼ਾਂ ਤੋਂ ਗੁਲਾਮ ਨਹੀਂ ਸਨ ਸਗੋਂ ਉਹਨਾਂ ਦੀ ਗੁਲਾਮੀ ਨਿੱਜੀ ਜਾਇਦਾਦ ਤੇ ਉਸ ਨਾਲ਼ ਜਮਾਤੀ ਵੰਡ ਪੈਦਾ ਹੋਣ ਨਾਲ਼ ਹੀ ਸ਼ੁਰੂ ਹੋਈ ਹੈ। ਅੱਜ ਨਾਰੀਵਾਦ ਮੱਧਵਰਗ ਤੇ ਉੱਚ-ਵਰਗ ਦਾ ਇੱਕ ਫੈਸ਼ਨੇਬਲ ਰੁਝਾਨ ਬਣਕੇ ਰਹਿ ਗਿਆ ਹੈ ਜੋ ਇਸੇ ਤਬਕੇ ਦੀਆਂ ਔਰਤਾਂ ਦੀਆਂ ਕੁੱਝ ਮੰਗਾਂ ਤੱਕ ਸੀਮਤ ਹੈ। ਸੰਸਾਰ ਭਰ ਵਿੱਚ ਜਮੀਨੀ ਪੱਧਰ ਉੱਪਰ ਔਰਤਾਂ ਦੀ ਜਥੇਬੰਦ ਲਹਿਰ ਦੇ ਰੂਪ ਵਿੱਚ ਇਸਦੀ ਹੋਂਦ ਨਾਮਾਤਰ ਹੈ।

ਔਰਤਾਂ ਨੂੰ ਵੋਟ ਦਾ ਹੱਕ, ਜਾਇਦਾਦ ਦੇ ਹੱਕ ਤੇ ਹੋਰ ਕਨੂੰਨੀ ਬਰਾਬਰੀਆਂ ਸਮੇਤ ਹੋਰ ਹੱਕ ਅਸਲ ਵਿੱਚ ਉਦੋਂ ਹੀ ਮਿਲ਼ੇ ਜਦੋਂ ਔਰਤਾਂ ਮਜਦੂਰ ਜਥੇਬੰਦੀਆਂ ’ਚ ਸ਼ਾਮਲ ਹੋਕੇ ਸੰਘਰਸ਼ ਦੇ ਰਾਹ ਪਈਆਂ। ਉਦੋਂ ਉਹਨਾਂ ਨੇ ਨਾ ਸਿਰਫ ਮਜਦੂਰ ਦੇ ਤੌਰ ’ਤੇ ਮਰਦਾਂ-ਔਰਤਾਂ ਦੇ ਸਾਂਝੇ ਹੱਕ ਲਈ ਸੰਘਰਸ਼ ਕੀਤੇ ਸਗੋਂ ਔਰਤਾਂ ਦੀਆਂ ਵੱਖਰੀਆਂ ਮੰਗਾਂ ਦੀ ਪ੍ਰਾਪਤੀ ਵੀ ਉਹਨਾਂ ਦੀ ਇਸ ਜਥੇਬੰਦ ਤਾਕਤ ਸਦਕਾ ਹੀ ਹੋਈ। ਇਸੇ ਕਰਕੇ ਅਨਪੜ੍ਹ, ਘੱਟ ਸਮਝਦਾਰ ਆਦਿ ਕਹਿਕੇ ਦੁਰਕਾਰੀਆਂ ਜਾਂਦੀਆਂ ਮਜਦੂਰ ਕਿਰਤੀ ਤਬਕੇ ਦੀਆਂ ਔਰਤਾਂ ਹੀ ਅਸਲ ਵਿੱਚ ਸਭ ਤੋਂ ਅਹਿਮ ਤਾਕਤ ਹਨ, ਸਿਰਫ ਇਸ ਲਈ ਨਹੀਂ ਕਿ ਉਹ ਸਭ ਤੋਂ ਵੱਧ ਪੀੜਤ ਹਨ ਸਗੋਂ ਇਸ ਲਈ ਕਿ ਉਹਨਾਂ ਕੋਲ਼ ਹੀ ਔਰਤਾਂ ਦੀ ਮੁਕਤੀ ਲਈ ਲੜਨ ਦਾ ਜੁਝਾਰੂ ਇਤਿਹਾਸ ਤੇ ਸਮਰੱਥਾ ਹੈ।

ਔਰਤਾਂ ਦੇ ਦਾਬੇ ਦੀਆਂ ਜੜ੍ਹਾਂ ਮਰਦਾਂ ਦੇ ਦਿਮਾਗਾਂ ਵਿੱਚ ਨਹੀਂ ਸਗੋਂ ਇਤਿਹਾਸਕ ਤੌਰ ’ਤੇ ਵਿਕਸਤ ਹੋਏ ਸਮਾਜਿਕ-ਆਰਥਿਕ ਸਬੰਧਾਂ ਵਿੱਚ ਹਨ। ਪਿੱਤਰਸੱਤ੍ਹਾ ਵਾਲ਼ੇ ਵਿਚਾਰਾਂ ਨੂੰ ਸਮਾਜ ਵਿੱਚ ਮਰਦਾਂ ਦੇ ਨਾਲ਼-ਨਾਲ਼ ਔਰਤਾਂ ਦੀ ਬਹੁਗਿਣਤੀ ਵੀ ਅਪਣਾ ਲੈਂਦੀ ਹੈ। ਇਤਿਹਾਸ ਦੇ ਕਬੀਲਾਈ ਦੌਰ ਦੀ ਜਿੰਦਗੀ ਵਿੱਚ ਔਰਤਾਂ ਦੀ ਭੂਮਿਕਾ ਅਹਿਮ ਹੁੰਦੀ ਸੀ। ਪਰ ਨਿੱਜੀ ਜਾਇਦਾਦ ਪੈਦਾ ਹੋਣ ’ਤੇ ਇਸਦੀ ਮਾਲਕੀ ਮਰਦਾਂ ਕੋਲ਼ ਆਉਣ ਦੇ ਨਾਲ਼ ਹੀ ਔਰਤਾਂ ਦੀ ਗੁਲਾਮੀ ਸ਼ੁਰੂ ਹੋਈ। ਔਰਤਾਂ ਦੀ ਭੂਮਿਕਾ ਇਸ ਜਾਇਦਾਦ ਲਈ ਵਾਰਿਸ ਪੈਦਾ ਕਰਨ ਤੱਕ ਅਤੇ ਘਰੇਲੂ ਕੰਮਾਂ ਦਾ ਬੋਝ ਇਕੱਲੇ ਢੋਣ ਤੱਕ ਸੀਮਤ ਕਰ ਦਿੱਤੀ ਗਈ ਜਿਸਨੇ ਉਹਨਾਂ ਨੂੰ ਦੂਜੇ ਦਰਜੇ ਦੀ ਹਾਲਤ ਵਿੱਚ ਧੱਕ ਦਿੱਤਾ। ਸਮਾਜਿਕ ਜਿੰਦਗੀ ਵਿੱਚ ਉਹਨਾਂ ਦਾ ਦਖਲ ਘਟਦਾ ਗਿਆ ਤੇ ਉਹਨਾਂ ਉੱਪਰ ਪਾਬੰਦੀਆਂ ਵਧਦੀਆਂ ਗਈਆਂ। ਜਦੋਂ ਆਧੁਨਿਕ ਸਰਮਾਏਦਾਰਾ ਯੁੱਗ ਨੂੰ ਸਸਤੇ ਮਜਦੂਰ ਦੇ ਰੂਪ ਵਿੱਚ ਔਰਤਾਂ ਦੀ ਕਿਰਤ ਅਤੇ ਮੁਨਾਫਾ ਕਮਾਉਣ ਵਾਲ਼ੀ ਵਸਤੂ ਦੇ ਰੂਪ ਵਿੱਚ ਉਹਨਾਂ ਦੇ ਜਿਸਮ ਦੀ ਲੋੜ ਪਈ ਤਾਂ ਉਸਦੇ ਨਾਲ਼ ਔਰਤਾਂ ਦੇ ਘਰਾਂ ’ਚੋਂ ਨਿੱਕਲ ਕੇ ਕੰਮ ਕਰਨ ਦਾ ਮਾਹੌਲ ਵੀ ਬਣਿਆ। ਪਰ ਇਸਦੇ ਬਾਵਜੂਦ ਉਹਨਾਂ ਦੀ ਦੂਜੇ ਦਰਜੇ ਦੀ ਹਾਲਤ ਬਰਕਰਾਰ ਹੈ ਕਿਉਂਕਿ ਨੌਕਰੀਸ਼ੁਦਾ ਔਰਤਾਂ ਨੂੰ ਵੀ ਇਕੱਲਿਆਂ ਘਰੇਲੂ ਕੰਮ ਵੀ ਕਰਨੇ ਪੈਂਦੇ ਹਨ। ਇਸ ਗੁਲਾਮੀ ਦੇ ਖਾਤਮੇ ਲਈ ਸਿਰਫ ਇਹ ਜਰੂਰੀ ਨਹੀਂ ਕਿ ਔਰਤਾਂ ਘਰਾਂ ’ਚੋਂ ਬਾਹਰ ਨਿੱਕਲ ਕੇ ਕੰਮ ਕਰਨ, ਸਗੋਂ ਉਹਨਾਂ ਉੱਪਰ ਥੋਪੀ ਗਈ ਘਰੇਲੂ ਕਿਰਤ ਦਾ ਬੋਝ ਵੀ ਖਤਮ ਕਰਨ ਦੀ ਜਰੂਰਤ ਹੈ।

ਸੰਸਾਰ ਵਿੱਚ ਹੋਏ ਸਮਾਜਵਾਦੀ ਇਨਕਲਾਬਾਂ ਦਾ ਤਜਰਬਾ ਦੱਸਦਾ ਹੈ ਕਿ ਸਾਂਝੀਆਂ ਰਸੋਈਆਂ, ਬਾਲ ਸੰਭਾਲ ਕੇਂਦਰ ਤੇ ਸਿਰਫ ਔਰਤਾਂ ਦੇ ਹਿੱਸੇ ਪਾਏ ਜਾਂਦੇ ਹੋਰ ਘਰੇਲੂ ਕੰਮਾਂ ਦਾ ਬੋਝ ਖਤਮ ਕਰਕੇ ਉਹਨਾਂ ਦੀ ਸਮਾਜਿਕ ਜੀਵਨ ਵਿੱਚ ਅਸਲ ਬਰਾਬਰੀ ਦਾ ਮਾਹੌਲ ਕਾਇਮ ਕੀਤਾ ਜਾ ਸਕਦਾ ਹੈ। ਇਹ ਸਿਰਫ ਤਾਂ ਹੀ ਸੰਭਵ ਹੈ ਜੇ ਪੈਦਾਵਾਰ ਦੇ ਸਾਧਨਾਂ ਦੀ ਨਿੱਜੀ ਮਾਲਕੀ ਖਤਮ ਕੀਤੀ ਜਾਂਦੀ ਹੈ। ਇਸਦੇ ਨਾਲ਼ ਹੀ ਔਰਤਾਂ ਨੂੰ ਕਨੂੰਨੀ ਤੌਰ ’ਤੇ ਅਸਲ ਬਰਾਬਰੀ ਦਿੱਤੀ ਜਾ ਸਕਦੀ ਹੈ। ਇਸ ਤਰ੍ਹਾਂ ਔਰਤਾਂ ਦੀ ਮੁਕਤੀ ਅਜਿਹੇ ਸਮਾਜਿਕ ਪ੍ਰਬੰਧ ਦੀ ਉਸਾਰੀ ਨਾਲ਼ ਜੁੜੀ ਹੋਈ ਹੈ ਜਿਹੜਾ ਨਿੱਜੀ ਜਾਇਦਾਦ ਅਧਾਰਤ ਨਾ ਅਗਲੇ ਪੰਨੇ ’ਤੇ ਜਾਰੀ

ਹੋਵੇ ਤੇ ਘਰੇਲੂ ਕਿਰਤ ਦਾ ਸਮਾਜੀਕਰਨ ਕਰਕੇ ਔਰਤਾਂ ਨੂੰ ਸਮਾਜਿਕ ਜੀਵਨ ਵਿੱਚ ਅਸਲ ਬਰਾਬਰੀ ਦੇਵੇਗਾ। ਇਸਦੇ ਪ੍ਰਯੋਗ ਸਮਾਜਵਾਦੀ ਸੋਵੀਅਤ ਯੂਨੀਅਨ ਤੇ ਸਮਾਜਵਾਦੀ ਚੀਨ (1976 ਤੱਕ) ਵਿੱਚ ਪਹਿਲਾਂ ਹੀ ਹੋ ਚੁੱਕੇ ਹਨ, ਜਿਸ ਵਿੱਚ ਔਰਤਾਂ-ਮਰਦਾਂ ਦੇ ਪਾੜੇ ਨੂੰ ਸਹੀ ਮਾਅਨਿਆਂ ਵਿੱਚ ਖਤਮ ਕਰਨ ਲਈ ਕੋਸ਼ਿਸ਼ਾਂ ਕੀਤੀਆਂ ਗਈਆਂ। ਸਮਾਜਵਾਦੀ ਸੋਵੀਅਤ ਸਰਕਾਰ ਨੇ ਇਸ ਗੈਰ ਬਰਾਬਰੀ ਨੂੰ ਦੂਰ ਕਰਨ ਲਈ ਹੇਠ ਲਿਖੇ ਕਨੂੰਨ ਬਣਾਏ:

ਔਰਤਾਂ ਨੂੰ ਵੋਟ ਦੇਣ ਅਤੇ ਸਰਕਾਰੀ ਸੰਸਥਾਵਾਂ ਵਿੱਚ ਚੁਣੇ ਜਾਣ ਦਾ ਹੱਕ ਦਿੱਤਾ ਅਤੇ ਅਮਲ ਵਿੱਚ ਇਸ ਨੂੰ ਲਾਗੂ ਵੀ ਕੀਤਾ ਗਿਆ। ਉਦੋਂ ਤੱਕ ਬਹੁਤੇ ਅਖੌਤੀ ਜਮਹੂਰੀ ਸਰਮਾਏਦਾਰਾ ਦੇਸ਼ਾਂ ਵਿੱਚ ਵੀ ਔਰਤਾਂ ਨੂੰ ਵੋਟ ਪਾਉਣ ਦਾ ਹੱਕ ਨਹੀਂ ਸੀ ਮਿਲਿਆ। ਜਿੱਥੇ ਵੋਟ ਦਾ ਹੱਕ ਹੈ ਵੀ ਸੀ ਉੱਥੇ ਵੀ ਕਨੂੰਨ ਬਣਾਉਣ ਅਤੇ ਉਸ ਨੂੰ ਲਾਗੂ ਕਰਨ ਦਾ ਹੱਕ ਕੇਵਲ ਮਰਦਾਂ ਨੂੰ ਹੀ ਸੀ।

ਸਾਰੇ ਨਾਗਰਿਕ ਹੱਕ ਅਤੇ ਕਨੂੰਨੀ ਰੋਕਾਂ ਮਰਦ ਅਤੇ ਔਰਤ 'ਤੇ ਬਰਾਬਰ ਲਾਗੂ ਕੀਤੇ ਗਏ।

ਉਸ ਮਰਦ ਲਈ ਭਾਵੇਂ ਉਹ ਪਿਤਾ ਹੀ ਕਿਉਂ ਨਾ ਹੋਵੇ, ਜੇ ਕਿਸੇ ਔਰਤ ਦਾ ਉਸ ਦੀ ਮਰਜੀ ਦੇ ਵਿਰੁੱਧ ਵਿਆਹ ਕਰਦਾ ਹੈ, ਸਖਤ ਸਜਾ ਦਾ ਪ੍ਰਬੰਧ ਕੀਤਾ ਗਿਆ।

ਅਜਿਹੇ ਨੇਮ ਅਤੇ ਕਨੂੰਨ ਬਣਾਏ ਗਏ ਜਿਨ੍ਹਾਂ ਨਾਲ਼ ਔਰਤਾਂ ਦੀ ਆਰਥਿਕ ਅਜਾਦੀ ਦੀ ਗਰੰਟੀ ਹੋਈ।

ਸਮਾਜਵਾਦੀ ਪ੍ਰਬੰਧ ਵਿੱਚ ਤਲਾਕ ਲੈਣ ਦਾ ਹੱਕ ਬਹੁਤ ਹੀ ਸਰਲ ਕਰ ਦਿੱਤਾ ਗਿਆ ਸੀ। ਬਿਨਾਂ ਕਿਸੇ ਵਿਤਕਰੇ ਦੇ ਹਰ ਖੇਤਰ ਵਿੱਚ ਔਰਤਾਂ ਦੇ ਰੁਜਗਾਰ ਨੂੰ ਹੱਲਾਸ਼ੇਰੀ ਦਿੱਤੀ ਗਈ।ਔਰਤਾਂ ਦੀ ਖਰੀਦੋ ਫਰੋਖਤ ਰੋਕਣ ਲਈ ਤਿੰਨ ਰਾਜਕੀ ਐਲਾਨ ਕੀਤੇ ਗਏ। ਪਹਿਲਾ : ਜਾਰਸ਼ਾਹੀ ਕਨੂੰਨ ਤਹਿਤ "ਅਨੈਤਿਕ" ਔਰਤਾਂ ਵਿਰੁੱਧ ਕਾਰਵਾਈ ਕਰਨ ਦੇ ਅਦਾਲਤਾਂ ਅਤੇ ਪੁਲੀਸ ਦੇ ਹੱਥਾਂ ਵਿੱਚ ਜੋ ਹੱਕ ਸਨ, ਉਹ ਰੱਦ ਕਰ ਦਿੱਤੇ ਗਏ। ਦੂਜਾ: ਵਿਭਚਾਰ ਤੋਂ ਛੁਪਿਆ ਜਾਂ ਖੁੱਲ੍ਹਾ ਮੁਨਾਫਾ ਕਮਾਉਣ ਵਾਲਿਆਂ ਨੂੰ ਖਤਮ ਕਰਨ ਲਈ ਸਖਤ ਘੋਲ ਵਿੱਢ ਦਿੱਤਾ ਗਿਆ। ਤੀਸਰਾ: ਸੈਕਸ ਰੋਗਾਂ ਤੋਂ ਪੀੜਤ ਸਾਰੇ ਲੋਕਾਂ ਨੂੰ ਡਾਕਟਰੀ ਅਤੇ ਦਵਾ ਦਾਰੂ ਸਬੰਧੀ ਮੁਫਤ ਮਦਦ ਦਿੱਤੀ ਜਾਏ। ਇਸ ਮੁਹਿੰਮ ਵਿੱਚ ਆਉਣ ਵਾਲ਼ੀਆਂ ਮੁਸ਼ਕਲਾਂ ਦੂਰ ਕਰਨ ਵਾਸਤੇ ਜੋ ਕਨੂੰਨ ਬਣਾਏ ਗਏ ਉਸ ਦੀਆਂ ਦੋ ਧਾਰਾਵਾਂ ਇਸ ਤਰ੍ਹਾਂ ਹਨ:-

ਧਾਰਾ 170: ਜੇ ਕੋਈ ਵੀ ਵਿਅਕਤੀਗਤ ਲਾਭ ਜਾਂ ਦੂਸਰੇ ਕਾਰਨਾਂ ਕਰਕੇ, ਸਰੀਰਕ ਜਾਂ ਨੈਤਿਕ ਦਬਾਅ ਕਰਕੇ, ਵੇਸਵਾਗਮਨੀ ਦੇ ਵਾਧੇ ਵਿੱਚ ਮਦਦ ਕਰੇਗਾ, ਉਹਨੂੰ ਪਹਿਲੇ ਅਪਰਾਧ ਲਈ ਘੱਟ ਤੋਂ ਘੱਟ ਤਿੰਨ ਸਾਲ ਦੀ ਸਜਾ ਮਿਲ਼ੇਗੀ।

ਧਾਰਾ 171: ਉਹ ਲੋਕ ਜੋ ਵੇਸਵਾਗਮਨੀ ਤੋਂ ਮੁਨਾਫਾ ਕਮਾਉਂਦੇ ਹਨ, ਉਨ੍ਹਾਂ ਨੂੰ ਪਹਿਲੇ ਅਪਰਾਧ ਲਈ ਘੱਟ ਤੋਂ ਘੱਟ ਤਿੰਨ ਸਾਲ ਦੀ ਸਜਾ ਮਿਲ਼ੇਗੀ ਅਤੇ ਉਨ੍ਹਾਂ ਦੀ ਸਾਰੀ ਨਿੱਜੀ ਜਾਇਦਾਦ ਜਬਤ ਕਰ ਲਈ ਜਾਵੇਗੀ। ਜੇਕਰ ਅਪਰਾਧੀ ਦੀ ਦੇਖ-ਰੇਖ ਜਾਂ ਨੌਕਰੀ ਵਿੱਚ ਕੋਈ ਵੇਸਵਾ ਮਿਲ਼ੇਗੀ ਅਤੇ ਉਸ ਦੀ ਉਮਰ 21 ਸਾਲ ਤੋਂ ਘੱਟ ਹੋਵੇਗੀ ਤਾਂ ਅਪਰਾਧੀ ਨੂੰ ਘੱਟ ਤੋਂ ਘੱਟ 5 ਸਾਲ ਦੀ ਸਜਾ ਮਿਲ਼ੇਗੀ।

ਇਸ ਵਿਸ਼ਾਲ ਮੁਹਿੰਮ ਵਿੱਚ ਇਹ ਸਾਬਤ ਹੋ ਗਿਆ ਕਿ ਨੈਤਿਕਤਾ ਸਬੰਧੀ ਇਨ੍ਹਾਂ ਸਮੱਸਿਆਵਾਂ ਦਾ ਕਾਰਨ ਵੇਸਵਾਵਾਂ ਦੇ ਰੂਪ ਵਿੱਚ ਨਰਕੀ ਜਿੰਦਗੀ ਭੋਗ ਰਹੀਆਂ ਔਰਤਾਂ ਨਹੀਂ ਹਨ। ਸਗੋਂ ਵਿਭਚਾਰ ਤੋਂ ਮੁਨਾਫਾ ਕਮਾਉਣ ਵਾਲ਼ੇ ਧੰਦੇਬਾਜ ਹਨ। ਸਮਾਜਵਾਦੀ ਪ੍ਰਬੰਧ ਇੱਕ ਐਸਾ ਪ੍ਰਬੰਧ ਸੀ ਜਿਸ ਵਿੱਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਕਨੂੰਨੀ, ਸਿਆਸੀ ਅਤੇ ਸਮਾਜਿਕ ਹੱਕ ਹਾਸਲ ਸਨ। ਪਿਆਰ ਤੋਂ ਬਿਨਾਂ ਵਿਆਹ ਦੇ ਹੋਰ ਸਾਰੇ ਅਧਾਰ ਖਤਮ ਕਰ ਦਿੱਤੇ ਗਏ। ਇਨਕਲਾਬ ਨੇ ਔਰਤਾਂ 'ਤੇ ਜਬਰ ਦੇ ਆਰਥਿਕ ਅਤੇ ਸਮਾਜਿਕ ਅਧਾਰਾਂ 'ਤੇ ਹੱਲਾ ਬੋਲ ਦਿੱਤਾ। ਉਸ ਦੌਰ ਵਿੱਚ ਇਜਵੇਸਤੀਆ ਨਾਂ ਦੀ ਅਖਬਾਰ ਵਿੱਚ ਪ੍ਰੋਫੈਸਰ ਇਲਿਸਤਰਾਤੋਵ ਲਿਖਦੇ ਹਨ,

"ਅਸੀਂ ਇਸ ਨੂੰ ਸਿਰਫ ਨੈਤਿਕ ਘੇਰੇ ਦੀ ਚੀਜ ਨਹੀਂ ਸਮਝਦੇ। ਅਸੀਂ ਇਸ ਨੂੰ ਅਤਿਅੰਤ ਮਹੱਤਵਪੂਰਨ ਸਿਆਸੀ ਸੁਆਲ ਮੰਨਦੇ ਹਾਂ। ਸੋਵੀਅਤ ਸੰਘ ਅਜਿਹਾ ਰਾਜ ਹੈ, ਜਿਸਦੀ ਬੁਨਿਆਦ ਮਨੁੱਖ ਦੁਆਰਾ ਮਨੁੱਖ ਦੀ ਲੁੱਟ ਦਾ ਅੰਤ ਹੈ। ਕੋਈ ਵੀ ਮਨੁੱਖ ਜੋ ਔਰਤਾਂ ਦੀ ਇਸ ਘ੍ਰਿਣਤ ਲੁੱਟ ਨੂੰ ਕਾਇਮ ਰੱਖਦਾ ਹੈ, ਸਾਡੇ ਦੇਸ਼ ਦਾ ਨਾਗਰਿਕ ਕਹਾਉਣ ਦਾ ਹੱਕਦਾਰ ਨਹੀਂ ਹੈ।"

ਸੋਵੀਅਤ ਕਨੂੰਨ ਤਹਿਤ ਜਦੋਂ ਕਿਸੇ ਵਿਭਚਾਰ ਦੇ ਅੱਡੇ 'ਤੇ ਛਾਪਾ ਮਾਰਿਆ ਜਾਂਦਾ ਉੱਥੇ ਮੌਜੂਦ ਸਾਰੇ ਲੋਕਾਂ ਦੇ ਨਾਮ ਅਤੇ ਪਤੇ ਦਰਜ ਕਰ ਲਏ ਜਾਂਦੇ ਸਨ। ਗਾਹਕਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ ਸੀ। ਦੂਜੇ ਦਿਨ ਬਜਾਰ ਵਿੱਚ ਇੱਕ ਤੈਅ ਥਾਂ 'ਤੇ ਇੱਕ ਲੰਬੇ ਤਖਤੇ 'ਤੇ ਇਨ੍ਹਾਂ ਲੋਕਾਂ ਦੇ ਨਾਮ ਅਤੇ ਪਤੇ ਟੰਗ ਦਿੱਤੇ ਜਾਂਦੇ। ਤਖਤਿਆਂ ਵਿੱਚ ਵੱਡੇ ਅੱਖਰਾਂ ਵਿੱਚ ਲਿਖਿਆ ਹੁੰਦਾ ਸੀ : "ਔਰਤਾਂ ਦੇ ਸਰੀਰ ਨੂੰ ਖਰੀਦਣ ਵਾਲ਼ੇ"। ਸਮਾਜਵਾਦੀ ਪ੍ਰਬੰਧ ਵਿੱਚ ਲੋਕਾਂ ਨੂੰ ਦੱਸਿਆ ਗਿਆ ਕਿ ਸੋਵੀਅਤ ਰਾਜ ਅਜਿਹੇ ਕੰਮ ਨੂੰ ਅਨੈਤਿਕ ਮੰਨਦਾ ਹੈ, ਕਿਉਂਕਿ ਮਨੁੱਖ ਦੁਆਰਾ ਮਨੁੱਖ ਦੀ ਲੁੱਟ ਦਾ ਇਹ ਬੇਹੱਦ ਘਟੀਆ ਰੂਪ ਹੈ। ਇੱਕ ਪਾਸੇ ਸੋਵੀਅਤ ਕਨੂੰਨ ਸਨ ਅਤੇ ਦੂਜੇ ਪਾਸੇ ਸੱਭਿਆਚਾਰਕ ਮੋਰਚੇ 'ਤੇ ਗੀਤਾਂ ਅਤੇ ਨਾਟਕਾਂ ਰਾਹੀਂ ਲੋਕਾਂ ਨੂੰ ਸਿੱਖਿਅਤ ਕਰਨ ਦੀ ਮੁਹਿੰਮ ਵੀ ਚਲਾਈ ਜਾਂਦੀ ਸੀ। ਇਹ ਇੱਕ ਬਹੁਤ ਵੱਡਾ ਪ੍ਰਯੋਗ ਸੀ, ਜਿਸ ਨੇ ਸੋਵੀਅਤ ਸਮਾਜ ਦੀ ਕਾਇਆ ਪਲਟੀ ਕਰ ਦਿੱਤੀ ਸੀ। ਇਸ ਤੋਂ ਬਿਨਾਂ ਬੱਚਾ ਹੋਣ 'ਤੇ ਜਣੇਪੇ ਸਮੇਂ ਦੀਆਂ ਤਨਖਾਹਾਂ ਸਮੇਤ ਛੁੱਟੀਆਂ ਦਾ ਪ੍ਰਬੰਧ ਕੀਤਾ ਗਿਆ।

ਇਤਿਹਾਸਕ ਤੌਰ 'ਤੇ ਪਰਿਵਾਰ ਦੀ ਸੰਸਥਾ ਦਾ ਰੂਪ ਹਮੇਸ਼ਾਂ ਇੱਕੋ ਜਿਹਾ ਨਹੀਂ ਰਿਹਾ ਹੈ। ਪਰਿਵਾਰ ਦੀ ਉੱਤਪਤੀ ਖਾਸ ਇਤਿਹਾਸਕ ਦੌਰ ਵਿੱਚ, ਨਿੱਜੀ ਜਾਇਦਾਦ ਦੀ ਉਤਪਤੀ ਤੋਂ ਬਾਅਦ ਹੋਈ ਹੈ। ਜਮਾਤੀ ਸਮਾਜ ਨੇ ਔਰਤਾਂ ਦੀ ਗੁਲਾਮੀ ਦਾ ਅਧਾਰ ਤਿਆਰ ਕੀਤਾ ਸੀ। ਮਹਾਨ ਅਕਤੂਬਰ ਇਨਕਲਾਬ ਤੋਂ ਬਾਅਦ ਸਮਾਜਵਾਦੀ ਪ੍ਰਬੰਧ ਵਿੱਚ ਨਿੱਜੀ ਜਾਇਦਾਦ ਦੇ ਖਾਤਮੇ ਦੀ ਮੁਹਿੰਮ ਨੇ ਔਰਤਾਂ ਦੀ ਗੁਲਾਮੀ ਦਾ ਆਰਥਿਕ ਅਧਾਰ ਖਤਮ ਕਰਨ ਦਾ ਰਾਹ ਖੋਲ੍ਹ ਦਿੱਤਾ ਸੀ। ਇਤਿਹਾਸਕ ਤੌਰ 'ਤੇ ਪਰਿਵਾਰ ਦਾ ਰੂਪ ਹਮੇਸ਼ਾਂ ਬਦਲਦਾ ਰਿਹਾ ਹੈ। ਪਰ ਸੋਵੀਅਤ ਸਮਾਜਵਾਦੀ ਪ੍ਰਬੰਧ ਦੀ ਇਹ ਸ਼ਾਨਦਾਰ ਪ੍ਰਾਪਤੀ ਸੀ ਕਿ ਵਿਆਹ, ਪਿਆਰ ਦੀ ਨੈਤਿਕ ਬੁਨਿਆਦ 'ਤੇ ਬੜੀ ਮਜਬੂਤੀ ਨਾਲ਼ ਖੜ੍ਹਾ ਹੋ ਗਿਆ ਸੀ। ਇਨਕਲਾਬ ਦੇ ਸ਼ੁਰੂਆਤੀ ਦੌਰ ਵਿੱਚ ਹੀ 18 ਦਸੰਬਰ, 1917 ਨੂੰ ਹੀ ਅਜਿਹੇ ਇਨਕਲਾਬੀ ਕਨੂੰਨ ਮਨਜੂਰ ਕੀਤੇ ਗਏ ਜੋ ਔਰਤਾਂ ਅਤੇ ਮਰਦਾਂ ਨੂੰ ਬਰਾਬਰ ਹੱਕ ਦਿੰਦੇ ਸਨ। ਇਸ ਤੋਂ ਪਹਿਲਾਂ ਦੇ ਜਾਰਸ਼ਾਹੀ ਰੂਸ ਵਿੱਚ ਵਿਆਹ ਵਰਗੇ ਮਹੱਤਵਪੂਰਨ ਸਵਾਲ 'ਤੇ ਅਜਾਦੀ ਨਾਲ਼ ਆਪਣੀ ਰਾਏ ਪ੍ਰਗਟਾਉਣ ਦੀ ਜਿਆਦਾਤਰ ਔਰਤਾਂ ਨੂੰ ਨਾ ਤਾਂ ਖੁੱਲ੍ਹ ਸੀ ਤੇ ਨਾ ਹੀ ਇਸ ਦੀ ਕੋਈ ਗੁੰਜਾਇਸ਼ ਸੀ। ਪਰ ਇਨਕਲਾਬ ਤੋਂ ਬਾਅਦ ਹੋਈਆਂ ਤਬਦੀਲੀਆਂ ਬਾਰੇ ਬੇਲੋਸੋਵਾ ਕਹਿੰਦੇ ਹਨ,

"ਸੋਵੀਅਤ ਰੂਸ ਦੇ ਪਹਿਲਾਂ ਪਹਿਲ ਦੇ ਵਿਆਹ ਕਨੂੰਨਾਂ ਦਾ ਮਹੱਤਵ ਇਸ ਗੱਲ ਵਿੱਚ ਹੈ ਕਿ ਇਨ੍ਹਾਂ ਨੇ ਔਰਤਾਂ ਨੂੰ ਕਨੂੰਨੀ ਅਜਾਦੀ ਦਿੱਤੀ। ਔਰਤਾਂ ਨੂੰ ਮਰਦਾਂ ਦੇ ਬਰਾਬਰ ਹੱਕ ਦਿੱਤੇ। ਇਨ੍ਹਾਂ ਹੱਕਾਂ ਨੂੰ ਇਨ੍ਹਾਂ ਕਨੂੰਨਾਂ ਨੇ ਨਾ-ਬਰਾਬਰੀ ਦੇ ਆਖਰੀ ਗੜ੍ਹ, ਪਰਿਵਾਰ ਵਿੱਚ ਪਹੁੰਚਾਇਆ। ਪਰਿਵਾਰਾਂ ਵਿੱਚ ਯੁੱਗਾਂ ਪੁਰਾਣੇ ਰੀਤੀ ਰਿਵਾਜ ਅਤੇ ਢੰਗ ਤਰੀਕਿਆਂ ਨੇ ਔਰਤਾਂ ਦੀ ਗੁਲਾਮੀ ਨੂੰ ਇੱਕ ਆਮ ਜਿਹੀ ਗੱਲ ਬਣਾਇਆ ਹੋਇਆ ਸੀ। ਇਹ ਗੁਲਾਮੀ ਇੱਕ ਸੁਭਾਵਕ ਚੀਜ ਮੰਨੀ ਜਾਂਦੀ ਸੀ। ਪਰਿਵਾਰਾਂ ਵਿੱਚ ਔਰਤ ਦੀ ਗੁਲਾਮੀ ਨੂੰ ਆਮ ਕਰਕੇ ਖਾਨਦਾਨ ਦੀ ਇੱਜਤ ਦੇ ਨਾਂ 'ਤੇ ਉਸ ਤੋਂ ਲੁਕਾਇਆ ਜਾਂਦਾ ਸੀ।"

ਇਸ ਲਈ ਸਾਡੇ ਸਮਾਜ ਵਿੱਚ ਇਹ ਆਰਥਿਕ-ਸਮਾਜਿਕ ਸਬੰਧਾਂ ਦੀ ਇਨਕਲਾਬੀ ਤਬਦੀਲੀ ਦੇ ਨਾਲ਼ ਨਾਲ਼ ਸੱਭਿਆਚਾਰਕ ਤੌਰ 'ਤੇ ਔਰਤ ਵਿਰੋਧੀ ਮਾਨਸਿਕਤਾ ਨੂੰ ਖਤਮ ਕਰਨ ਲਈ ਵੀ ਬੜੀ ਲੰਬੀ ਲੜਾਈ ਲੜਨੀ ਪੈਣੀ ਹੈ। ਆਰਥਿਕ-ਸਮਾਜਿਕ ਸਬੰਧਾਂ 'ਚ ਤਬਦੀਲੀ ਤਾਂ ਅਜਿਹੀ ਸੱਭਿਆਚਾਰਕ ਲੜਾਈ ਲਈ ਵਧੇਰੇ ਢੁਕਵਾਂ ਮਾਹੌਲ ਦੇਵੇਗੀ। ਇਸ ਕਰਕੇ ਕੌਮਾਂਤਰੀ ਮਜਦੂਰ ਔਰਤ ਦਿਵਸ ਦੇ ਇਤਿਹਾਸ ਦਾ ਇਹੋ ਸਬਕ ਹੈ ਕਿ ਸਭ ਤੋਂ ਪਹਿਲਾਂ ਤਾਂ ਆਪਣੀ ਇਸ ਹਾਲਤ ਨੂੰ ਕਿਸਮਤ ਮੰਨਣਾ ਛੱਡਕੇ ਇਸਨੂੰ ਬਦਲਣ ਲਈ ਸੰਘਰਸ਼ ਕੀਤਾ ਜਾਵੇ। ਆਪਣੇ ਆਪ ਨੂੰ ਕਮਜੋਰ ਸਮਝਣਾ ਛੱਡ ਕੇ ਔਰਤਾਂ ਨੂੰ ਹੀ ਖੁਦ ਅੱਗੇ ਆਉਣਾ ਪਵੇਗਾ। ਉਹਨਾਂ ਨੂੰ ਜਥੇਬੰਦ ਹੋਕੇ ਪੈਦਾਵਾਰੀ ਸਬੰਧਾਂ ਦੀ ਨਿੱਜੀ ਮਾਲਕੀ ਵਾਲ਼ੇ ਸਰਮਾਏਦਾਰਾ ਸਮਾਜ ਦੀ ਇਨਕਲਾਬੀ ਤਬਦੀਲੀ ਤੇ ਇਸਦੇ ਅੰਗ ਵਜੋਂ ਔਰਤਾਂ ਦੀ ਮੁਕਤੀ ਦੇ ਸਵਾਲ ਨੂੰ ਮੁਖਾਤਿਬ ਹੋਣਾ ਪਵੇਗਾ। ਇਹ ਧਿਆਨ ਰੱਖਣਾ ਪਵੇਗਾ ਕਿ ਕੋਈ ਵੀ ਤਬਦੀਲੀ ਮਜਦੂਰ, ਕਿਰਤੀ ਔਰਤਾਂ ਨੂੰ ਕੇਂਦਰੀ ਤਾਕਤ ਬਣਾਏ ਬਿਨਾਂ, ਉਹਨਾਂ ਨੂੰ ਜਥੇਬੰਦ ਕੀਤੇ ਬਿਨਾਂ ਸਫਲ ਨਹੀਂ ਹੋ ਸਕਦੀ। ਇਹ ਵੀ ਸਮਝਣ ਦੀ ਲੋੜ ਹੈ ਕਿ ਲੜਾਈ ਮਰਦਾਂ ਨਾਲ਼ ਨਹੀਂ ਸਗੋਂ ਪਿੱਤਰਸੱਤ੍ਹਾ ਸੋਚ ਨਾਲ਼ ਹੈ ਜਿਸਦੇ ਸ਼ਿਕਾਰ ਮਰਦਾਂ ਦੇ ਨਾਲ਼ ਔਰਤਾਂ ਵੀ ਹਨ। ਇਸ ਸੋਚ ਦੀਆਂ ਜੜ੍ਹਾਂ ਆਰਥਿਕ-ਸਮਾਜਿਕ ਜੀਵਨ ਵਿੱਚ ਹਨ ਜਿਸਨੂੰ ਬਦਲਣਾ ਮਰਦਾਂ-ਔਰਤਾਂ ਦੀ ਸਾਂਝੀ ਲੜਾਈ ਹੈ। ਜਦੋਂ ਸਾਂਝੇ ਉਦੇਸ਼ ਲਈ ਔਰਤਾਂ ਜਥੇਬੰਦੀਆਂ ਵਿੱਚ ਸਾਂਝੇ ਤੌਰ 'ਤੇ ਵਿਚਰਦੀਆਂ ਹਨ ਉਸਦੇ ਨਾਲ਼ ਹੀ ਪਿੱਤਰਸੱਤ੍ਹਾ ਵਾਲ਼ੀ ਇਹ ਸੋਚ ਵੀ ਟੁੱਟਦੀ ਹੈ। ਆਓ ਇਸ ਗੁਲਾਮੀ ਨੂੰ ਚੁੱਪ-ਚਾਪ ਸਹਿਣਾ ਛੱਡੀਏ, ਇਕੱਲੇ-ਇਕੱਲੇ ਮੁਕਤੀ ਦਾ ਭਰਮ ਪਾਲਣਾ ਛੱਡੀਏ ਤੇ ਆਪਣੇ ਇਨਕਲਾਬੀ ਵਿਰਸੇ ਨਾਲ਼ ਜੁੜਕੇ ਜਥੇਬੰਦ ਹੋਈਏ ਤੇ ਮੁਕਤੀ ਦੇ ਸਫਰ ਦੇ ਨਵੇਂ ਸਿਰਨਾਵੇਂ ਘੜੀਏ।•

ਲੁਧਿਆਣੇ ਅੰਦਰ ਖੁੱਲ੍ਹ ਰਹੇ ਸ਼ਰਾਬ ਦੇ ਠੇਕੇ

ਵੋਟਾਂ ਵੇਲ਼ੇ ਹਰੇਕ ਵੋਟ ਬਟੋਰੂ ਸਿਆਸੀ ਪਾਰਟੀ ਲੋਕਾਂ ਨਾਲ਼ ਬਹੁਤ ਸਾਰੇ ਲੁਭਾਉਣੇ ਵਾਅਦੇ ਕਰਦੀ ਹੈ। ਇਹਨਾਂ ਵਾਅਦਿਆਂ ਵਿੱਚੋਂ ਇੱਕ ਵਾਅਦਾ ਨਸ਼ਾ ਮੁਕਤ ਪੰਜਾਬ ਬਣਾਉਣ ਦਾ ਹੁੰਦਾ ਹੈ। ਪੰਜਾਬ ਦੀ ਆਪ ਸਰਕਾਰ ਨੇ ਵੀ ਹੋਰਾਂ ਵਾਅਦਿਆਂ ਨਾਲ਼ ਇਹ ਵਾਅਦਾ ਕੀਤਾ ਸੀ। ਪਰ ਜਿੱਤਣ ਤੋਂ ਬਾਅਦ ਦੂਸਰੇ ਵਾਅਦਿਆਂ ਵਾਂਗ ਹੀ ਇਹ ਵਾਅਦਾ ਵੀ ਹਵਾਈ ਲਿਫਾਫਾ ਹੀ ਨਿੱਕਲ਼ਿਆ।

ਪੁਰਾਣੇ ਦਿਨਾਂ ਵਿੱਚ ਜਦੋਂ ਭਗਵੰਤ ਮਾਨ ਅਜੇ ਰਾਜਨੀਤੀ ਵਿੱਚ ਨਹੀਂ ਸੀ ਆਇਆ ਅਤੇ ਆਪਣੀਆਂ ਗੱਲਾਂ ਨਾਲ਼ ਲੋਕਾਂ ਦਾ ਮਨਪਰਚਾਵਾ ਕਰਦਾ ਸੀ, ਉਸ ਸਮੇਂ ਨਸ਼ਿਆਂ ਖਿਲਾਫ ਤਰ੍ਹਾਂ-ਤਰ੍ਹਾਂ ਦੇ ਵਿਅੰਗ ਕਸਦਾ ਹੁੰਦਾ ਸੀ। ਇੱਕ ਵਾਰ ਉਸਨੇ ਕਿਹਾ ਸੀ ਕਿ ਇੱਕ ਦਿਨ ਪੰਜਾਬ ਦਾ ਹਾਲ਼ ਇਹ ਹੋਵੇਗਾ ਕਿ ਹਰ ਗਲ਼ੀ ਅਤੇ ਹਰ ਮੋੜ 'ਤੇ ਸ਼ਰਾਬ ਦਾ ਠੇਕਾ ਹੋਵੇਗਾ। ਲੋਕ ਰਾਹਗੀਰਾਂ ਨੂੰ ਠੇਕਿਆਂ ਦੇ ਹਿਸਾਬ ਨਾਲ਼ ਪਤਾ ਦੱਸਿਆ ਕਰਨਗੇ। ਭਗਵੰਤ ਮਾਨ ਦਾ ਕਿਹਾ ਅੱਜ ਸੱਚ ਸਾਬਤ ਹੋ ਰਿਹਾ ਹੈ।

ਲੁਧਿਆਣੇ ਦੀ ਗੱਲ ਕਰੀਏ ਤਾਂ ਜਦੋਂ ਦੀ ਆਮ ਆਦਮੀ ਪਾਰਟੀ ਪੰਜਾਬ ਦੀ ਰਾਜਗੱਦੀ 'ਤੇ ਬੈਠੀ ਹੈ ਉਸ ਤੋਂ ਬਾਅਦ ਸ਼ਹਿਰ ਅੰਦਰ ਠੇਕਿਆਂ ਦੀ ਗਿਣਤੀ ਬਹੁਤ ਜਿਆਦਾ ਵਧ ਗਈ ਹੈ। ਹਰ ਚੌਕ ਤੇ ਹਰ ਮੁਹੱਲੇ ਅੰਦਰ ਠੇਕਾ ਮੌਜੂਦ ਹੈ। ਪਹਿਲਾਂ ਵੀ ਇੱਥੇ ਠੇਕਿਆਂ ਦੀ ਕੋਈ ਕਮੀ ਨਹੀਂ ਸੀ। ਤਾਜਪੁਰ ਰੋਡ ਉੱਤੇ ਸਥਿੱਤ ਈ.ਡਬਲਯੂ.ਐੱਸ ਕਲੋਨੀ ਦੇ ਇਲਾਕੇ ਵਿੱਚ ਪਹਿਲਾਂ ਤਿੰਨ ਠੇਕੇ ਸਨ ਪਰ ਹੁਣ ਤਿੰਨ ਹੋਰ ਖੁੱਲ੍ਹ ਗਏ ਹਨ। ਇਹੀ ਹਾਲ ਬਾਕੀ ਇਲਾਕਿਆਂ ਦਾ ਵੀ ਹੈ।

ਪਰ ਦੂਸਰੇ ਪਾਸੇ ਈ.ਡਬਲਯੂ.ਐੱਸ ਕਲੋਨੀ ਸਣੇ ਹੋਰ ਬਹੁਤ ਵੱਡੇ ਇਲਾਕੇ ਜਿੱਥੇ ਹਜਾਰਾਂ ਦੀ ਗਿਣਤੀ ਵਿੱਚ ਪਰਿਵਾਰ ਰਹਿੰਦੇ ਹਨ ਓਥੇ ਸਿਰਫ ਇੱਕ ਹੀ ਸਕੂਲ ਹੈ। ਲੋਕ ਆਪਣੇ ਜਵਾਕਾਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਲਈ ਮਜਬੂਰ ਹਨ। ਇਸ ਵੱਡੇ ਖੇਤਰ ਵਿੱਚ ਇੱਕ ਹੀ ਜੱਚਾ-ਬੱਚਾ ਹਸਪਤਾਲ ਹੈ ਜਿਸਦੀ ਹਾਲਤ ਬੁਰੀ ਹੈ। ਹੋਰ ਕੋਈ ਸਰਕਾਰੀ ਡਿਸਪੈਂਸਰੀ ਜਾਂ ਹਸਪਤਾਲ ਇਸ ਇਲਾਕੇ ਵਿੱਚ ਨਹੀਂ। ਪਰ ਸਰਕਾਰ ਦਾ ਇਹਨਾਂ ਸਹੂਲਤਾਂ ਵੱਲ ਕੋਈ ਧਿਆਨ ਨਹੀਂ ਹੈ। ਸਰਕਾਰ ਨੂੰ ਸਭ ਤੋਂ ਜਿਆਦਾ ਚਿੰਤਾ ਇਹ ਹੈ ਕਿ ਲੋਕਾਂ ਤੱਕ ਸ਼ਰਾਬ ਕਿਸ ਤਰ੍ਹਾਂ ਪਹੁੰਚਾਈ ਜਾਵੇ।

ਬਦਲਾਅ ਦੀਆਂ ਗੱਲਾਂ ਕਰਨ ਵਾਲ਼ੀ ਸਰਕਾਰ ਦਾ ਅਸਲ ਚੇਹਰਾ ਲੋਕਾਂ ਸਾਹਮਣੇ ਨੰਗਾ ਹੁੰਦਾ ਜਾ ਰਿਹਾ ਹੈ। ਲੋਕ ਜਾਣ ਰਹੇ ਹਨ ਕਿ ਇਹ ਸਰਕਾਰ ਵੀ ਦੂਸਰੀਆਂ ਸਰਕਾਰਾਂ ਦੀ ਤਰ੍ਹਾਂ ਅਮੀਰਾਂ ਦੀ ਸਰਕਾਰ ਹੈ। ਇਸੇ ਲਈ ਲੋਕ ਭਾਵੇਂ ਛੋਟੇ ਰੂਪ ਵਿੱਚ ਹੀ ਸਹੀ ਪਰ ਇਹਨਾਂ ਦੇ ਐੱਮ.ਐੱਲ.ਏ ਦਫਤਰਾਂ ਅੱਗੇ ਕਿਸੇ ਨਾ ਕਿਸੇ ਰੂਪ ਵਿੱਚ ਆਪਣਾ ਵਿਰੋਧ ਜਤਾਉਂਦੇ ਰਹਿੰਦੇ ਹਨ।

• ਜਗਦੀਸ਼

ਯੂਨੀਅਨ ਅਤੇ ਸੂਬਿਆਂ ਦਰਮਿਆਨ ਵਧਦਾ ਤਣਾਅ

ਭਾਰਤ ਇੱਕ ਕੌਮ ਨਹੀਂ ਹੈ। ਪਰ ਇੱਥੋਂ ਦੀ ਹਾਕਮ ਸਰਮਾਏਦਾਰ ਜਮਾਤ ਭਾਰਤ ਨੂੰ ਜਬਰੀ ਇੱਕ ਕੌਮ ਬਣਾਉਣ ਲਈ 1947 ਤੋਂ ਹੀ ਆਪਣੇ ਕੋਝੇ ਹੱਥਕੰਡੇ ਆਪਣਾ ਰਹੀ ਹੈ। ਹਾਕਮਾਂ ਦੇ ਇਹਨਾਂ ਕੋਝੇ ਹੱਥਕੰਡਿਆਂ ਖਿਲਾਫ ਐਥੇ ਵਸਦੀਆਂ ਵੱਖ-ਵੱਖ ਕੌਮਾਂ ਅੰਦਰ ਤਣਾਅ ਵੀ ਘਟਦਾ ਵਧਦਾ ਰਿਹਾ ਹੈ। ਯੂਨੀਅਨ ਦੀ ਭਾਜਪਾ ਸਰਕਾਰ ਵੱਲੋਂ ਪਿਛਲੇ ਦਸ ਸਾਲਾਂ ਵਿੱਚ ਤੇਜ ਕੀਤੀ ਕੇਂਦਰੀਕਰਨ ਦੀ ਧੁੱਸ ਤੇ ਇਸ ਖਿਲਾਫ ਪਿਛਲੇ ਸਮਿਆਂ ਵਿੱਚ ਵੱਖ-ਵੱਖ ਸੂਬਾ ਸਰਕਾਰਾਂ ਵੱਲੋਂ ਦਿਖਾਈਆਂ ਤਲਖ ਸੁਰਾਂ ਇਸੇ ਵਿਰੋਧਤਾਈ ਦੇ ਤਿੱਖੇ ਹੋਣ ਵੱਲ ਇਸ਼ਾਰਾ ਕਰਦੀਆਂ ਹਨ।

ਪਿਛਲੇ ਦਿਨੀਂ ਗੈਰ-ਭਾਜਪਾ ਸੂਬਾ ਸਰਕਾਰਾਂ, ਖਾਸਕਰ ਦੱਖਣ ਦੇ ਪੰਜ ਸੂਬਿਆਂ ਵੱਲੋਂ ਜੰਤਰ-ਮੰਤਰ ਵਿਖੇ ਯੂਨੀਅਨ ਸਰਕਾਰ ਵੱਲੋਂ ਫੰਡਾਂ ਦੀ ਕਾਣੀ ਵੰਡ ਅਤੇ ਰਾਜਪਾਲਾਂ ਜਰੀਏ ਸੂਬਿਆਂ ਦੇ ਮਾਮਲੇ ਵਿੱਚ ਨਜਾਇਜ ਦਖਲ ਖਿਲਾਫ ਰੋਸ ਮੁਜਾਹਰੇ ਕੀਤੇ ਗਏ। ਦੱਖਣ ਭਾਰਤ ਦੇ ਇਨ੍ਹਾਂ ਸੂਬਿਆਂ ਦਾ ਕਹਿਣਾ ਹੈ ਕਿ ਯੂਨੀਅਨ ਸਰਕਾਰ ਉਹਨਾਂ ਦੇ ਵਿੱਤੀ ਸਰੋਤਾਂ ਨੂੰ ਲੁੱਟ ਰਹੀ ਹੈ ਜਦਕਿ ਦੂਸਰੇ ਪਾਸੇ ਰਾਜਪਾਲਾਂ ਰਾਹੀਂ ਅੱਡ-ਅੱਡ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੇ ਕੰਮਾਂ ਵਿੱਚ ਵਿਘਨ ਪਾਉਂਦੀ ਹੈ। ਹਾਕਮ ਬੁੱਧੀਜੀਵੀ ਇਹਨਾਂ ਟਕਰਾਵਾਂ ਨੂੰ ਸਿਰਫ ਦੋ ਸਿਆਸੀ ਪਾਰਟੀਆਂ ਦੇ ਟਕਰਾਅ ਤੱਕ ਹੀ ਸੀਮਤ ਕਰ ਦਿੰਦੇ ਹਨ ਪਰ ਵਾਰ-ਵਾਰ ਸਿਰ ਚੁੱਕਦੇ ਯੂਨੀਅਨ ਸਰਕਾਰ ਤੇ ਸੂਬਿਆਂ ਦਰਮਿਆਨ ਇਹ ਰੌਲ਼ੇ ਅਸਲ ਵਿੱਚ ਭਾਰਤ ਅੰਦਰ ਕੌਮੀ ਮਸਲੇ ਦੇ ਅਣਸੁਲਝੇ ਹੋਣ ਦੀ ਹੀ ਨਿਸ਼ਾਨੀ ਹਨ। ਆਓ ਇਸ ਮਸਲੇ ਨੂੰ ਥੋੜ੍ਹਾ ਤਫਸੀਲ ਵਿੱਚ ਸਮਝਦੇ ਹਾਂ।

ਜੀਐੱਸਟੀ ਉੱਪਰ ਯੂਨੀਅਨ ਅਤੇ ਸੂਬਿਆਂ ਦਰਮਿਆਨ ਰੌਲ਼ਾ

ਮੌਜੂਦਾ ਸਮੇਂ ਯੂਨੀਅਨ ਦੀ ਮੋਦੀ ਹਕੂਮਤ ਤੇ ਸੂਬਾ ਸਰਕਾਰਾਂ ਦਰਮਿਆਨ ਤਿੱਖੇ ਹੋ ਰਹੇ ਤਣਾਅ ਵਿੱਚ ਪਹਿਲਾ ਨੁਕਤਾ ਵਸਤਾਂ ਤੇ ਸੇਵਾਵਾਂ ਕਰ (ਜੀਐਸਟੀ) ਦਾ ਹੈ। 1 ਜੁਲਾਈ 2017 ਨੂੰ ਜੀਐਸਟੀ ਨੂੰ ਲਾਗੂ ਕਰਨ ਵੇਲ਼ੇ ਸੂਬਿਆਂ ਨੂੰ ਭਰੋਸੇ ਵਿੱਚ ਲੈਂਦੇ ਹੋਏ ਵਾਅਦਾ ਕੀਤਾ ਗਿਆ ਸੀ ਕਿ ਇਸ ਨਾਲ਼ ਸੂਬਿਆਂ ਦੀ ਆਮਦਨ ਵਧੇਗੀ। ਇਹ ਅਨੁਮਾਨ ਲਾਇਆ ਗਿਆ ਸੀ ਕਿ ਸੂਬਿਆਂ ਦੀ ਆਮਦਨ 14 ਫੀਸਦੀ ਸਲਾਨਾ ਦਰ ਨਾਲ਼ ਵਧੇਗੀ। 2022 ਦੇ ਅੰਕੜੇ ਇਹ ਦੱਸਦੇ ਹਨ ਕਿ ਜਿਆਦਾਤਰ ਸੂਬਿਆਂ ਦੀ ਆਮਦਨ 5-12 ਫੀਸਦੀ ਸਲਾਨਾ ਦਰ ਵਿਚਕਾਰ ਹੀ ਰਹੀ। ਅੱਗੇ ਇਹ ਕਿਹਾ ਗਿਆ ਸੀ ਕਿ ਜੇ ਕਿਸੇ ਸੂਬੇ ਦੀ ਆਮਦਨ ਇਸ ਟੀਚੇ ਨੂੰ ਪੂਰਾ ਨਹੀਂ ਕਰਦੀ ਤਾਂ ਉਹਨਾਂ ਨੂੰ ਰਾਹਤ ਦੇਣ ਲਈ ਜੀਐਸਟੀ ਰਾਹਤ ਸੈੱਸ ਬਣਾਇਆ ਗਿਆ ਹੈ ਤਾਂ ਜੋ ਉਹਨਾਂ ਦਾ ਘਾਟਾ ਪੂਰਿਆ ਜਾ ਸਕੇ। ਪਰ ਇਹ ਵਾਅਦਾ ਵਫਾ ਨਹੀਂ ਹੋਇਆ। ਯੂਨੀਅਨ ਸਰਕਾਰ ਵੱਲੋਂ ਸੂਬਿਆਂ ਦਾ ਜੀਐਸਟੀ ਦਾ ਬਣਦਾ ਹਿੱਸਾ ਰੋਕਿਆ ਜਾ ਰਿਹਾ ਹੈ ਤੇ ਉਹਨਾਂ ਨੂੰ ਜੀਐਸਟੀ ਰਾਹਤ ਸੈੱਸ ਵਿੱਚੋਂ ਦਿੱਤੀ ਜਾਣ ਵਾਲ਼ੀ ਰਾਹਤ ਵੀ ਨਹੀਂ ਦੇ ਰਹੀ। ਯੂਨੀਅਨ ਦੀ ਭਾਜਪਾ ਸਰਕਾਰ ਵੱਲੋਂ ਵੱਖ-ਵੱਖ ਸੂਬਿਆਂ ਲਈ ਸਾਲ 2015-16 ਵਿੱਚ ਵਿੱਤੀ ਸਹਾਇਤਾ ਲੱਗਭੱਗ ਇੱਕ ਲੱਖ 95 ਹਜਾਰ ਕਰੋੜ ਸੀ ਜੋ 2023 ਵਿੱਚ ਘਟਕੇ ਇੱਕ ਲੱਖ 65 ਹਜਾਰ ਕਰੋੜ ਰਹਿ ਗਈ। ਸਮੇਂ-ਸਮੇਂ ਉੱਤੇ ਵੱਖ-ਵੱਖ ਸੂਬੇ ਇਸ ਮੰਗ ਨੂੰ ਉਠਾਉਂਦੇ ਆਏ ਹਨ ਕਿ ਯੂਨੀਅਨ ਸਰਕਾਰ ਜੀਐਸਟੀ ਦੇ ਭੁਗਤਾਨ ਵੇਲੇ ਗੈਰ-ਭਾਜਪਾ ਸੂਬਿਆਂ ਦੀਆਂ ਸਰਕਾਰਾਂ ਨਾਲ਼ ਵਿਤਕਰਾ ਕਰਦੀ ਹੈ। ਕੈਗ ਦੀ 2023 ਦੀ ਰਿਪੋਰਟ ਵਿੱਚ ਵੀ ਇਸ ਗੱਲ ਦੀ ਪੁਸ਼ਟੀ ਹੋਈ ਸੀ ਕਿ ਯੂਨੀਅਨ ਸਰਕਾਰ ਸੂਬਿਆਂ ਨੂੰ ਮਿਲ਼ਣ ਵਾਲ਼ੀ ਵਿੱਤੀ ਸਹਾਇਤਾ ਰਾਸ਼ੀ ਨੂੰ ਵੀ ਸੂਬਿਆਂ ਨੂੰ ਇੱਕ ਤਾਂ ਸਮੇਂ ਸਿਰ ਨਹੀਂ ਦਿੰਦੀ ਤੇ ਦੂਸਰਾ ਪੂਰਾ ਵੀ ਨਹੀਂ ਦਿੰਦੀ।

ਦੂਸਰਾ, ਗੱਲ 'ਕੱਲੀ ਜੀਐਸਟੀ ਤੱਕ ਹੀ ਸੀਮਤ ਨਹੀਂ ਸਗੋਂ ਸਰਕਾਰ ਸਾਰੀ ਕਰ ਨੀਤੀ, ਕੇਂਦਰੀ ਸਕੀਮਾਂ ਆਦਿ ਨੂੰ ਹੀ ਆਰਥਿਕ ਕੇਂਦਰੀਕਰਨ ਲਈ ਵਰਤ ਰਹੀ ਹੈ ਜਿਸ ਕਰਕੇ ਸੂਬਿਆਂ ਦੇ ਇਤਰਾਜ ਵਧ ਰਹੇ ਹਨ। ਬਹੁਤ ਸਾਰੀਆਂ ਸਰਕਾਰੀ ਸਕੀਮਾਂ, ਜੋ ਯੂਨੀਅਨ ਅਤੇ ਸੂਬਿਆਂ ਵੱਲੋਂ ਰਲ਼ਕੇ ਚਲਾਈਆਂ ਜਾਂਦੀਆਂ ਹਨ, ਉਹਨਾਂ ਵਿੱਚ ਪਹਿਲਾਂ ਯੂਨੀਅਨ ਅਤੇ ਸੂਬਾ ਸਰਕਾਰ ਕ੍ਰਮਵਾਰ 60 ਫੀਸਦੀ ਤੇ 40 ਫੀਸਦੀ ਹਿੱਸਾ ਪਾਉਂਦੀਆਂ ਸਨ ਜਦਕਿ 2020 ਤੋਂ ਬਾਅਦ ਕਰੋਨਾ ਦਾ ਬਹਾਨਾ ਲਾ ਕੇ ਯੂਨੀਅਨ ਸਰਕਾਰ ਨੇ ਇਹ ਹਿੱਸਾ 50-50 ਫੀਸਦੀ ਕਰ ਦਿੱਤਾ। ਉਦਾਹਰਨ ਵਜੋਂ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਆਮ ਲੋਕਾਂ ਨੂੰ ਮਿਲ਼ਣ ਵਾਲ਼ੀ ਰਾਸ਼ੀ ਵਿੱਚ ਸੂਬਾ ਤੇ ਯੂਨੀਅਨ ਸਰਕਾਰ ਦਾ ਬਰਾਬਰ ਹਿੱਸਾ ਹੈ। ਪਰ ਨਾਮ ਵਜੋਂ ਇਸ ਸਕੀਮ ਨੂੰ ਯੂਨੀਅਨ ਸਰਕਾਰ ਦੀ ਸਕੀਮ ਕਹਿਕੇ ਪ੍ਰਚਾਰਿਆ ਜਾਂਦਾ ਹੈ। ਇਸ ਤਰ੍ਹਾਂ ਦੀਆਂ ਦਰਜਨਾਂ ਸਕੀਮਾਂ ਹਨ ਜਿਵੇਂ ਜਲ ਸ਼ਕਤੀ ਮਿਸ਼ਨ, ਕੌਮੀ ਸਿਹਤ ਮਿਸ਼ਨ, ਪ੍ਰਧਾਨ ਮੰਤਰੀ ਗ੍ਰਾਮੀਣ ਵਿਕਾਸ ਯੋਜਨਾ ਆਦਿ ਜਿਹਨਾਂ ਤਹਿਤ ਮਿਲ਼ਣ ਵਾਲ਼ੀ ਰਾਸ਼ੀ ਯੂਨੀਅਨ ਅਤੇ ਸੂਬਾ ਸਰਕਾਰਾਂ ਵੱਲੋਂ ਮਿਲ਼ਕੇ ਖਰਚੀ ਜਾਂਦੀ ਹੈ।

ਤੀਸਰਾ, ਮੋਦੀ ਹਕੂਮਤ ਵੱਲੋਂ ਸੂਬਿਆਂ ਦੇ ਵਿੱਤੀ ਪ੍ਰਬੰਧ ਨੂੰ ਲਾਏ ਜਾਂਦੇ ਖੋਰੇ ਨੂੰ ਸੈੱਸ ਤੇ ਸਰਚਾਰਜ ਦੇ ਮਸਲੇ ਰਾਹੀਂ ਵੀ ਸਮਝ ਸਕਦੇ ਹਾਂ। ਸੈੱਸ ਅਤੇ ਸਰਚਾਰਜ ਉਹ ਵਿਸ਼ੇਸ਼ ਟੈਕਸ ਹੁੰਦੇ ਹਨ ਜੋ ਕਿਸੇ ਖਾਸ ਮਕਸਦ ਲਈ ਖਰਚ ਕਰਨ ਦੇ ਨਾਂ ਉੱਤੇ ਯੂਨੀਅਨ ਸਰਕਾਰ ਲਾਉਂਦੀ ਹੈ ਪਰ ਇਹਨਾਂ ਰਾਹੀਂ ਹੋਣ ਵਾਲ਼ੀ ਕਮਾਈ ਵਿੱਚ ਸੂਬਿਆਂ ਦਾ ਕੋਈ ਹਿੱਸਾ ਨਹੀਂ ਰੱਖਿਆ ਜਾਂਦਾ। ਤੇ ਯੂਨੀਅਨ ਸਰਕਾਰ ਹੁਣ ਸੈੱਸ/ਸਰਚਾਰਜ ਦੇ ਪ੍ਰਬੰਧ ਦਾ ਵੱਧੋ-ਵੱਧ ਇਸਤੇਮਾਲ ਕਰ ਰਹੀ ਹੈ ਤਾਂ ਜੋ ਸੂਬਿਆਂ ਨਾਲ਼ ਟੈਕਸ ਕਮਾਈ ਸਾਂਝੀ ਕਰਨ ਦੀ ਲੋੜ ਹੀ ਨਾ ਪਵੇ। ਉਦਾਹਰਨ ਵਜੋਂ ਸਾਲ 2004 ਵਿੱਚ ਕੁੱਲ ਕਰਾਂ ਵਿੱਚ ਸੈੱਸ ਅਤੇ ਸਰਚਾਰਜ ਦਾ ਹਿੱਸਾ 11.5 ਫੀਸਦੀ ਸੀ ਜਿਹੜਾ ਸਾਲ 2023 ਤੱਕ ਵਧਕੇ 20 ਫੀਸਦੀ ਤੋਂ ਉੱਪਰ ਹੋ ਗਿਆ। ਦੂਸਰਾ ਇਹ ਕਿ ਜਿਸ ਖਾਸ ਮਕਸਦ ਦੇ ਬਹਾਨੇ ਹੇਠ ਯੂਨੀਅਨ ਸਰਕਾਰ ਵੱਲੋਂ ਇਹ ਸੈੱਸ ਤੇ ਸਰਚਾਰਜ ਇਕੱਠੇ ਕੀਤੇ ਜਾ ਰਹੇ ਹਨ, ਉਹਨਾਂ ਖਾਸ ਸਕੀਮਾਂ ਉੱਪਰ ਇਹ ਪੈਸੇ ਖਰਚੇ ਹੀ ਨਹੀਂ ਜਾ ਰਹੇ ! ਕੈਗ ਦੀ ਇੱਕ ਰਿਪੋਰਟ ਮੁਤਾਬਕ ਸਾਲ 2022 ਵਿੱਚ ਸਿੱਖਿਆ ਸੈੱਸ ਰਾਹੀਂ ਤਕਰੀਬਨ 52,732 ਕਰੋੜ ਰੁਪਏ ਉਗਰਾਹੇ ਗਏ ਸਨ ਜਿਸ ਦਾ 60 ਫੀਸਦੀ ਹਿੱਸਾ ਯੂਨੀਅਨ ਸਰਕਾਰ ਨੇ ਪ੍ਰਾਇਮਰੀ ਸਿੱਖਿਆ ਖੇਤਰ ਅਤੇ 20-20 ਫੀਸਦੀ ਹਿੱਸਾ ਕ੍ਰਮਵਾਰ ਮਿਡਲ ਤੇ ਸੈਕੰਡਰੀ ਸਿੱਖਿਆ ਖੇਤਰ ਵਿੱਚ ਖਰਚਣਾ ਸੀ ਜਿਹੜਾ ਕਿ ਨਹੀਂ ਖਰਚਿਆ ਗਿਆ।

ਚੌਥਾ ਨੁਕਤਾ ਜਿਸ ਉੱਪਰ ਸੂਬਿਆਂ ਦਾ, ਖਾਸਕਰ ਦੱਖਣ ਭਾਰਤ ਦੇ ਸੂਬਿਆਂ ਦਾ, ਸਭ ਤੋਂ ਵੱਧ ਰੌਲ਼ਾ ਹੈ ਉਹ ਹੈ ਸੂਬਿਆਂ ਨੂੰ ਮਿਲ਼ਣ ਵਾਲ਼ੇ ਕਰਾਂ ਦੀ ਵੰਡ ਦਾ ਅਧਾਰ। 13ਵੇਂ ਵਿੱਤ ਕਮਿਸ਼ਨ ਮੁਤਾਬਿਕ ਕਰ ਅਤੇ ਹੋਰ ਸ੍ਰੋਤਾਂ ਦੀ ਵੰਡ ਕਰਨ ਲਈ 1971 ਦੀ ਮਰਦਮਸ਼ੁਮਾਰੀ ਨੂੰ ਅਧਾਰ ਬਣਾਇਆ ਗਿਆ ਸੀ। ਪਰ 14ਵੇਂ ਵਿੱਤੀ ਕਮਿਸ਼ਨ ਦੀ ਰਿਪੋਰਟ, ਜੋ 2017 ਵਿੱਚ ਤਿਆਰ ਕੀਤੀ ਗਈ, ਵਿੱਚ ਸਾਲ 2011 ਦੀ ਮਰਦਮਸ਼ੁਮਾਰੀ ਨੂੰ ਵੀ ਵਜਨ ਦਿੱਤਾ ਗਿਆ। ਹੁਣ 15ਵੇਂ ਵਿੱਤ ਕਮਿਸ਼ਨ ਦੀਆਂ ਸ਼ਰਤਾਂ 2011 ਦੀ ਮਰਦਮਸ਼ੁਮਾਰੀ ਨੂੰ ਅਧਾਰ ਬਣਾਉਂਦੀਆਂ ਹਨ। ਇਸ ਨਾਲ਼ ਜਿਹਨਾਂ ਸੂਬਿਆਂ, ਖਾਸਕਰ ਦੱਖਣ ਭਾਰਤ ਦੇ ਸੂਬਿਆਂ, ਦੀ ਅਬਾਦੀ ਘਟੀ ਹੈ, ਉਹਨਾਂ ਨੂੰ ਨਿਸ਼ਚੇ ਹੀ ਯੂਨੀਅਨ ਸਰਕਾਰ ਵੱਲੋਂ ਦਿੱਤੇ ਜਾਣ ਵਾਲ਼ੇ ਫੰਡਾ ਵਿੱਚ ਕਟੌਤੀ ਹੋਵੇਗੀ। ਦੱਖਣ ਭਾਰਤ ਦੇ ਪੰਜ ਸੂਬਿਆਂ – ਆਂਧਰਾ ਪ੍ਰਦੇਸ਼, ਕਰਨਾਟਕਾ, ਤਮਿਲਨਾਡੂ, ਤੇਲੰਗਨਾ ਤੇ ਕੇਰਲਾ ਪੰਜੇ ਸੂਬੇ ਕੁੱਲ ਮਿਲ਼ਾਕੇ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦਾ 37 ਫੀਸਦੀ ਆਮਦਨ ਵਸੀਲੇ ਜੁਟਾਕੇ ਦਿੰਦੇ ਹਨ ਪਰ ਦੂਸਰੇ ਪਾਸੇ ਉਹਨਾਂ ਨੂੰ ਯੂਨੀਅਨ ਦੇ ਕਰ ਸਰੋਤਾਂ ਤੋਂ ਬੜੀ ਨਿਗੂਣੀ ਜਿਹੀ ਰਾਸ਼ੀ ਮਿਲ਼ਦੀ ਹੈ। ਜਿੱਥੇ ਕਰਨਾਟਕ ਸੂਬੇ ਨੂੰ ਸਾਲ 2015-16 ਵਿੱਚ ਯੂਨੀਅਨ ਸਰਕਾਰ ਵੱਲੋਂ ਕੁੱਲ ਦਿੱਤੇ ਜਾਂਦੇ ਕਰਾਂ ਦਾ 4.75 ਫੀਸਦੀ ਹਿੱਸਾ ਮਿਲ਼ਿਆ ਓਥੇ ਹੀ ਹੁਣ 15ਵੇਂ ਵਿੱਤ ਕਮਿਸ਼ਨ ਦੀਆਂ ਸ਼ਰਤਾਂ ਲਾਗੂ ਹੋਣ ਨਾਲ਼ ਇਹ ਘਟਕੇ 3.65 ਫੀਸਦੀ ਤੇ ਦੂਜੇ ਪਾਸੇ ਕੇਰਲਾ ਦਾ ਅੰਕੜਾ 2.5 ਫੀਸਦੀ ਤੋਂ ਘਟ ਕੇ 1.92 ਫੀਸਦੀ ਹੋ ਗਿਆ ਹੈ। ਜਾਹਰ ਹੈ ਇਹ ਸੂਬਿਆਂ ਦੇ ਵਿੱਤੀ ਪ੍ਰਬੰਧ ਨੂੰ ਵੱਡਾ ਖੋਰਾ ਹੈ।

ਇਸ ਤੋਂ ਬਿਨਾਂ ਕੇਂਦਰੀ ਫੰਡ ਵਿੱਚ ਸੂਬਿਆਂ ਤੇ ਯੂਨੀਅਨ ਵਿਚਕਾਰ ਜਿਹੜੀ ਵੰਡੀ ਜਾਣ ਵਾਲ਼ੀ ਰਾਸ਼ੀ ਹੈ ਉਸਦੇ ਵੰਡ-ਵੰਡਾਰੇ ਨੂੰ ਲੈਕੇ ਵੀ ਰੌਲ਼ਾ ਰਹਿੰਦਾ ਹੈ। ਇਸ ਮੌਕੇ ਯੂਨੀਅਨ ਦਾ ਹਿੱਸਾ ਇਸ ਵਿੱਚ 58 ਫੀਸਦੀ ਹੈ ਤੇ ਸੂਬਿਆਂ ਦਾ ਹਿੱਸਾ 42 ਫੀਸਦੀ ਹੈ। ਇਸ ਹਿੱਸੇ ਨੂੰ ਵੀ ਵਧਾਉਣ ਦੀ ਮੰਗ ਸਮੇਂ-ਸਮੇਂ ਉੱਠਦੀ ਰਹਿੰਦੀ ਹੈ। ਯੂਨੀਅਨ ਸਰਕਾਰ ਨੇ ਹੁਣ 15ਵੇਂ ਵਿੱਤੀ ਕਮਿਸ਼ਨ ਨੂੰ ਸੂਬਿਆਂ ਦਾ ਹਿੱਸਾ 42 ਫੀਸਦੀ ਤੋਂ ਵੀ ਘਟਾਉਣ ਦੀ ਮੰਗ ਕੀਤੀ ਹੈ। ਹੁਣ ਸੂਬਿਆਂ ਦੇ 42 ਫੀਸਦੀ ਹਿੱਸੇ 'ਚੋਂ ਇੱਕ ਫੀਸਦੀ ਹਿੱਸਾ ਜੰਮੂ ਅਤੇ ਕਸ਼ਮੀਰ ਨੂੰ ਦਿੱਤਾ ਜਾਵੇਗਾ ਜਾਣੀ ਸੂਬਿਆਂ ਕੋਲ਼ ਹੁਣ ਸਿਰਫ 41 ਫੀਸਦੀ ਹਿੱਸੇਦਾਰੀ ਹੀ ਬਚੇਗੀ। ਯੂਨੀਅਨ ਤੇ ਸੂਬਿਆਂ ਦਰਮਿਆਨ ਆਮਦਨ ਨੂੰ ਲੈਕੇ ਇਹ ਰੌਲ਼ੇ ਜਲਦੀ ਹੱਲ ਹੁੰਦੇ ਨਹੀਂ ਦਿਸਦੇ।

ਸੂਬਿਆਂ ਦੀ ਖੁੱਸ ਰਹੀ ਖੁਦਮੁਖਤਿਆਰੀ

ਸੰਵਿਧਾਨ ਵਿੱਚ ਫੈਸਲੇ ਲੈਣ ਦੀਆਂ ਤਾਕਤਾਂ ਨੂੰ ਤਿੰਨ ਸੂਚੀਆਂ ਵਿੱਚ ਵੰਡਿਆ ਗਿਆ ਹੈ – ਯੂਨੀਅਨ ਹੱਕਾਂ ਦੀ ਸੂਚੀ, ਸੂਬਿਆਂ ਦੇ ਹੱਕਾਂ ਦੀ ਸੂਚੀ ਅਤੇ ਯੂਨੀਅਨ ਤੇ ਸੂਬਿਆਂ ਦੀ ਸਹਿਮਤੀ ਵਾਲ਼ੀ ਸਮਵਰਤੀ ਸੂਚੀ। ਪਰ ਸਮਵਰਤੀ ਸੂਚੀ ਵਿੱਚ ਵੀ ਅਸਲ ਵਿੱਚ ਯੂਨੀਅਨ ਸਰਕਾਰ ਦੀ ਹੀ ਚਲਦੀ ਹੈ, ਇਸ ਕਰਕੇ ਅਮਲ ਵਿੱਚ ਇਹ ਯੂਨੀਅਨ ਸੂਚੀ ਹੀ ਹੈ। ਭਾਰਤ ਦੀ ਸੱਤ੍ਹਾ ਉੱਤੇ ਕਾਬਜ ਸਰਮਾਏਦਾਰ ਜਮਾਤ ਦੀ ਹਮੇਸ਼ਾਂ ਧੁੱਸ ਰਹੀ ਹੈ ਕਿ ਸੂਬਿਆਂ ਨੂੰ ਮਿਲ਼ੀ ਇਹ ਸੀਮਤ ਖੇਤਰੀ ਖੁਦਮੁਖਤਿਆਰੀ ਵੀ ਖੋਹੀ ਜਾਵੇ ਤੇ ਯੂਨੀਅਨ ਹੱਥ ਤਾਕਤਾਂ ਵਧਾਈਆਂ ਜਾਣ। ਵੈਸੇ ਤਾਂ ਦੇਸ਼ ਅੰਦਰ ਸੂਬਿਆਂ ਨੂੰ ਪਹਿਲਾਂ ਹੀ ਬਹੁਤ ਸੀਮਤ ਜਿਹੇ ਅਧਿਕਾਰ ਦਿੱਤੇ ਗਏ ਹਨ ਤੇ ਭਾਰਤ ਦੀ ਵੱਡੀ ਅਜਾਰੇਦਾਰ ਸਰਮਾਏਦਾਰ ਜਮਾਤ ਸੂਬਿਆਂ ਦੇ ਇਹਨਾਂ ਹੱਕਾਂ ਨੂੰ ਵੀ ਖੋਹ ਲੈਣਾ ਚਾਹੁੰਦੀ ਹੈ ਤਾਂ ਕਿ ਉਹ ਆਪਣੇ ਲਈ ਇੱਕ ਸੁਰੱਖਿਅਤ ਵੱਡੀ ਮੰਡੀ ਦਾ ਪ੍ਰਬੰਧ ਕਰ ਸਕੇ। ਹਾਕਮ ਜਮਾਤ ਦੇ ਇਸ ਮਕਸਦ ਲਈ ਸਮੇਂ ਸਮੇਂ ਦੀਆਂ ਯੂਨੀਅਨ ਸਰਕਾਰਾਂ ਰਾਜਪਾਲ ਦੇ ਅਹੁਦੇ ਨੂੰ ਯੂਨੀਅਨ ਸਰਕਾਰ ਦੀ ਮਨਮਰਜੀ ਨਾਲ਼ ਵਰਤਦੀਆਂ ਰਹੀਆਂ ਹਨ। ਸੂਬਾ ਸਰਕਾਰਾਂ ਦੇ ਮਾਮਲਿਆਂ ਵਿੱਚ ਯੂਨੀਅਨ ਸਰਕਾਰਾਂ ਦੀ ਦਖਲਅੰਦਾਜੀ ਹਮੇਸ਼ਾ ਹੀ ਰਹੀ ਹੈ, ਉਹਨਾਂ ਦੇ ਸਿਆਸੀ ਕੰਮਾਂ ਵਿੱਚ ਵਿਘਨ ਪਾਉਣਾ ਰਿਹਾ ਹੈ। ਉਦਾਹਰਨ ਵਜੋਂ ਸੰਵਿਧਾਨ ਦੀ ਧਾਰਾ 144 ਰਾਜਪਾਲ ਨੂੰ ਕਿਸੇ ਵੀ ਵਿਧਾਨ ਸਭਾ ਨੂੰ ਭੰਗ ਕਰਨ ਦੀ ਖੁੱਲ੍ਹ ਦਿੰਦੀ ਹੈ ਜਦਕਿ ਇੱਕ ਹੋਰ ਧਾਰਾ 356 ਰਾਜਪਾਲ ਨੂੰ ਕਿਸੇ ਵੀ ਸੂਬੇ ਵਿੱਚ ਰਾਸ਼ਟਰਪਤੀ ਰਾਜ ਲਾਉਣ ਦੀ ਸਿਫਾਰਿਸ਼ ਕਰਨ ਦਾ ਹੱਕ ਦਿੰਦੀ ਹੈ। ਇਹ ਇੱਕ ਮਾਰੂ ਧਾਰਾ ਹੈ ਜੋ ਕਿਸੇ ਵੀ ਸੂਬੇ ਦੇ ਸਿਆਸੀ ਆਰਥਿਕ ਮਾਮਲਿਆਂ ਵਿੱਚ ਸੂਬੇ ਦੇ ਆਗੂ ਰੋਲ ਨੂੰ ਮੇਸ ਦਿੰਦੀ ਹੈ। ਪਿਛਲੇ ਕੁਝ ਸਾਲਾਂ ਵਿੱਚ ਭਾਰਤ ਦੇ ਲੱਗਭੱਗ ਦਰਜਨ ਸੂਬਿਆਂ ਦੇ ਮੁੱਖ ਮੰਤਰੀਆਂ ਨੇ ਰਾਜਪਾਲ ਉੱਤੇ ਯੂਨੀਅਨ ਸਰਕਾਰ ਦੀਆਂ ਨੀਤੀਆਂ ਥੋਪਣ ਤੇ ਉਹਨਾਂ ਦੇ ਸਿਆਸੀ ਕੰਮਾਂ ਵਿੱਚ ਵਿਘਨ ਪਾਉਣ ਦਾ ਦੋਸ਼ ਲਾਇਆ ਹੈ। ਇਸ ਤੋਂ ਬਿਨਾਂ ਪਿਛਲੇ ਸਮਿਆਂ ਵਿੱਚ ਮੋਦੀ ਸਰਕਾਰ ਵੱਲੋਂ ਲਿਆਂਦੀ ਗਈ ਸਿੱਖਿਆ ਨੀਤੀ 2020 ਉੱਤੇ ਕਈ ਰਾਜਾਂ ਦਾ ਰੌਲ਼ਾ ਰਿਹਾ ਖਾਸ ਕਰ ਤਮਿਲਨਾਡੂ ਨੇ ਸਿੱਖਿਆ ਨੀਤੀ ਦੇ ਖਿਲਾਫ ਮਤਾ ਵੀ ਪਾਸ ਕੀਤਾ। ਇਸ ਸਿੱਖਿਆ ਨੀਤੀ ਜਰੀਏ ਭਾਜਪਾ ਹਕੂਮਤ ਵੱਲੋਂ ਅੱਡ-ਅੱਡ ਕੌਮਾਂ ਦੀਆਂ ਬੋਲੀਆਂ ਵਿੱਚ ਸਕੂਲੀ ਸਿੱਖਿਆ ਨੂੰ ਸੀਮਤ ਕਰ ਦਿੱਤਾ ਗਿਆ ਹੈ ਅਤੇ "ਹਿੰਦੀ ਹਿੰਦੂ ਹਿੰਦੁਸਤਾਨ" ਦੇ ਏਜੰਡੇ ਤਹਿਤ ਸੂਬਿਆਂ ਉੱਤੇ ਜਬਰਨ ਹਿੰਦੀ ਥੋਪਣ ਦੀ ਕੋਸ਼ਿਸ਼ ਜਾਰੀ ਹੈ।

ਅਸਲ ਵਿੱਚ ਭਾਰਤ ਬਹੁਕੌਮੀ ਮੁਲਕ ਹੈ। ਐਥੋਂ ਦੀ ਅਜਾਰੇਦਾਰ ਸਰਮਾਏਦਾਰੀ ਦੀ ਇਹ ਕੋਸ਼ਿਸ਼ ਹੈ ਕਿ ਸਾਰੇ ਮੁਲਕ ਦੀਆਂ ਕੌਮਾਂ ਨੂੰ ਜਬਰਨ ਇੱਕ ਕੌਮ ਜਾਣੀ ਇੱਕ ਵੱਡੀ ਮੰਡੀ ਵਿੱਚ ਤਬਦੀਲ ਕਰ ਦਿੱਤਾ ਜਾਵੇ। 1947 ਵਿੱਚ ਵੀ ਦੇਸ਼ ਦੀ ਸਰਮਾਏਦਾਰ ਜਮਾਤ ਦੀ ਇਹ ਇੱਛਾ ਸੀ ਕਿ ਐਥੇ ਭਾਸ਼ਾ ਅਧਾਰਿਤ ਸੂਬੇ ਨਾ ਹੀ ਬਣਾਏ ਜਾਣ ਪਰ ਅੱਡ-ਅੱਡ ਕੌਮਾਂ ਦੇ ਲੋਕਾਂ ਨੇ ਸੜਕਾਂ 'ਤੇ ਨਿੱਤਰਕੇ ਵੇਲੇ ਦੀ ਕਾਂਗਰਸ ਸਰਕਾਰ ਨੂੰ ਮਜਬੂਰ ਕੀਤਾ ਕਿ ਉਹ ਅਜਾਦੀ ਤੋਂ ਪਹਿਲਾਂ ਕੀਤਾ ਭਾਸ਼ਾ ਅਧਾਰਿਤ ਸੂਬੇ ਬਣਾਉਣ ਦਾ ਆਪਣਾ ਵਾਅਦਾ ਪੂਰਾ ਕਰੇ। ਇਸ ਕਰਕੇ ਕਾਂਗਰਸ ਨੂੰ 1950-60'ਵਿਆਂ ਵਿੱਚ ਮਜਬੂਰਨ ਭਾਸ਼ਾ ਅਧਾਰਤ ਸੂਬੇ ਬਣਾਉਣੇ ਪਏ ਅਤੇ ਮਜਬੂਰਨ ਸੂਬਿਆਂ ਨੂੰ ਸੀਮਤ ਜਿਹੇ ਹੱਕ ਦੇਣੇ ਪਏ। ਪਰ ਇਹ ਵੀ ਇਨਸਾਫ ਵਾਲ਼ੀ ਵੰਡ ਨਹੀਂ ਸੀ ਸਗੋਂ ਕਈ ਕੌਮਾਂ ਨੂੰ ਤਾਂ ਵੱਖਰਾ ਸੂਬਾ ਦਿੱਤਾ ਹੀ ਨਹੀਂ ਗਿਆ ਤੇ ਕਈਆਂ ਦੀ ਜਬਰੀ ਵੱਢ ਟੁੱਕ ਕੀਤੀ ਗਈ ਮਿਸਾਲ ਦੇ ਤੌਰ ਉੱਤੇ ਅਗਲੇ ਪੰਨੇ 'ਤੇ ਜਾਰੀ


ਪੰਜਾਬ ਦੀ। ਬਹੁਤ ਸਾਰਾ ਪੰਜਾਬੀ ਬੋਲਦਾ ਇਲਾਕਾ ਪੰਜਾਬ ਤੋਂ ਬਾਹਰ ਹਿਮਾਚਲ, ਹਰਿਆਣੇ, ਰਾਜਸਥਾਨ ਤੇ ਜੰਮੂ ਵਿੱਚ ਰੱਖ ਦਿੱਤਾ ਗਿਆ। ਫੇਰ ਸੂਬਿਆਂ ਨੂੰ ਮਿਲੀ ਸੀਮਤ ਜਿਹੀ ਖੁਦਮੁਖਤਿਆਰੀ ਵਿੱਚ ਵੀ ਸੂਬਿਆਂ ਤੇ ਯੂਨੀਅਨ ਦਰਮਿਆਨ ਤਾਕਤਾਂ ਦੀ ਵੰਡ, ਵਿੱਤ ਕਮਿਸ਼ਨ, ਸਥਾਨਕ ਸਰਕਾਰਾਂ ਦੇ ਅਦਾਰੇ, ਪ੍ਰਸ਼ਾਸਨਿਕ ਢਾਂਚਾ, ਯੋਜਨਾ ਕਮਿਸ਼ਨ/ਨੀਤੀ ਆਯੋਗ ਆਦਿ ਪ੍ਰਬੰਧਾਂ ਵਿੱਚ ਯੂਨੀਅਨ ਦੇ ਹਾਕਮ ਸੂਬਿਆਂ ਦੇ ਹੱਕਾਂ 'ਤੇ ਹਮਲਾ ਕਰਦੇ ਰਹੇ ਹਨ ਤੇ ਇਹ ਹਮਲੇ ਮੋਦੀ ਹਕੂਮਤ ਹੇਠ ਬਹੁਤ ਤੇਜ ਹੋਏ ਹਨ। ਭਾਜਪਾ ਦੀਆਂ ਕੌਮੀ ਵਖਰੇਵਿਆਂ ਨੂੰ ਮੇਸਣ ਤੇ ਇੱਕ ਕੌਮ ਵਿੱਚ ਤਬਦੀਲ ਕਰਨ ਦੀਆਂ ਕੋਸ਼ਿਸ਼ਾਂ ਨਾਲ਼ ਸਗੋਂ ਇਹ ਟਕਰਾਅ ਹੋਰ ਤਿੱਖੇ ਹੋ ਰਹੇ ਹਨ। ਕੌਮੀ ਮਸਲੇ ਦਾ ਅੰਤਮ ਹੱਲ ਇਹ ਹੈ ਕਿ ਪਸਿੱਤੀਆਂ ਕੌਮਾਂ ਨੂੰ ਆਪਾ ਨਿਰਣੇ, ਭਾਵ ਆਪਣਾ ਵੱਖਰਾ ਕੌਮੀ ਰਾਜ ਬਣਾਉਣ ਦਾ ਹੱਕ ਮਿਲੇ। ਇਸ ਦਿਸ਼ਾ 'ਚ ਫੌਰੀ ਕਦਮ ਇਹ ਹੈ ਕਿ ਸੂਬਿਆਂ ਦੀ ਖੇਤਰੀ ਖੁਦਮੁਖਤਿਆਰੀ ਉੱਪਰ ਹਮਲਾ ਬੰਦ ਹੋਣਾ ਚਾਹੀਦਾ ਹੈ ਤੇ ਇਸ ਹਮਲੇ ਦਾ ਵਿਰੋਧ ਹੋਣਾ ਚਾਹੀਦਾ ਹੈ। ਇਸਦਾ ਦੂਰਰਸ ਹੱਲ ਇਹ ਹੈ ਕਿ ਭਾਰਤ ਵਿੱਚ ਅਜਾਦ ਕੌਮਾਂ, ਜਿਹਨਾਂ ਨੂੰ ਆਪਾ ਨਿਰਣੇ ਦਾ ਹੱਕ ਮਿਲ਼ ਚੁੱਕਾ ਹੋਵੇ ਨੂੰ ਲੈਕੇ ਸੰਘੀ ਢਾਂਚਾ ਉਸਾਰਿਆ ਜਾਣਾ ਚਾਹੀਦਾ ਹੈ।

• ਪ੍ਰਸ਼ਪਿੰਦਰ

ਪਰਜੀਵੀ ਅਨੰਤ ਅੰਬਾਨੀ ਦੇ ਵਿਆਹ 'ਤੇ ਦੌਲਤ ਦੀ ਭੱਦੀ ਨੁਮਾਇਸ਼ ਬਨਾਮ ਆਮ ਲੋਕ

ਪਿਛਲੇ ਕੁਝ ਦਿਨਾਂ ਤੋਂ ਭਾਰਤ ਦੇ ਸਭ ਤੋਂ ਵੱਡੇ ਧਨਾਢ ਮੁਕੇਸ਼ ਅੰਬਾਨੀ ਦੇ ਮੁੰਡੇ ਅਨੰਤ ਅੰਬਾਨੀ ਦਾ ਵਿਆਹ ਸਮਾਗਮ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਅੱਯਾਸ਼ੀ ਦੇ ਇਸ ਭੱਦੇ ਸਮਾਗਮ ਵਿੱਚ ਵੱਡੇ ਫਿਲਮੀ ਕਲਾਕਾਰ, ਖਿਡਾਰੀਆਂ ਤੋਂ ਲੈ ਕੇ ਹੋਰ ਦੇਸ਼ਾਂ ਤੋਂ ਵੱਡੇ ਅਮੀਰਾਂ ਨੇ ਸ਼ਿਰਕਤ ਕੀਤੀ। ਸਿਰਫ ਤਿੰਨ ਦਿਨ ਦੇ ਇਸ ਸਮਾਗਮ ਵਿੱਚ 1259 ਕਰੋੜ ਤੋਂ ਵੱਧ ਦੀ ਰਕਮ ਖਰਚ ਕੀਤੀ ਗਈ। ਬੇਸ਼ਰਮ ਹਾਕਮ ਮੀਡੀਆ ਦੇ ਪੱਤਰਕਾਰ ਪਾਲਤੂ ਕੁੱਤਿਆਂ ਵਾਂਗ ਇਸ ਸਮਾਗਮ ਦੇ ਦ੍ਰਿਸ਼ ਦਿਖਾਉਣ ਲਈ ਤਰਲੋਮੱਛੀ ਹੋ ਰਹੇ ਸਨ। ਕੁਝ ਤਾਂ ਇਸ ਪ੍ਰੋਗਰਾਮ ਨੂੰ "ਭਾਰਤ ਦੀ ਵਧਦੀ ਤਾਕਤ" ਵਜੋਂ ਵੀ ਪ੍ਰਚਾਰ ਰਹੇ ਸਨ। ਮੁਕੇਸ਼ ਅੰਬਾਨੀ ਦੀ ਘਰਵਾਲੀ ਦੀ ਕਰੋੜਾਂ ਰੁਪਏ ਦੀ ਸਾੜ੍ਹੀ, ਬਾਲੀਵੁੱਡ ਅਤੇ ਵਿਦੇਸ਼ੀ ਕਲਾਕਾਰਾਂ ਦੇ ਬੇਸ਼ਰਮ ਨਾਚ ਮੀਡੀਆ ਦੀਆਂ ਖਬਰਾਂ ਵਿੱਚ ਛਾਏ ਰਹੇ। ਭਾਰਤ ਵਿੱਚ ਇੱਕ ਪਾਸੇ ਤਾਂ ਅੱਯਾਸ਼ੀ, ਦੌਲਤ ਦੇ ਇਹ ਅੰਬਾਰ ਲੱਗੇ ਹੋਏ ਹਨ ਜਿੱਥੇ ਲੱਖਾਂ ਮਜਦੂਰਾਂ ਦੀ ਮਿਹਨਤ ਨੂੰ ਲੁੱਟ ਕੇ ਪਲ ਰਹੇ ਇਹ ਪਰਜੀਵੀ ਵਿਹਲੜ ਮੌਜਾਂ ਮਾਣ ਰਹੇ ਹਨ, ਦੂਜੇ ਪਾਸੇ ਇਸੇ ਹੀ ਦੇਸ਼ ਵਿੱਚ ਕਰੋੜਾਂ ਲੋਕ ਪੀਣ ਵਾਲ਼ੇ ਸਾਫ ਪਾਣੀ, ਦੋ ਵਕਤ ਦੀ ਰੋਟੀ ਲਈ ਵੀ ਸੰਘਰਸ਼ ਕਰ ਰਹੇ ਹਨ। ਇਹ ਉਹੀ ਦੇਸ਼ ਹੈ ਜਿੱਥੇ 74.1% ਲੋਕ ਅੱਯਾਸ਼ੀ ਤਾਂ ਦੂਰ, ਸੰਤੁਲਤ ਭੋਜਨ ਵੀ ਨਹੀਂ ਖਰੀਦ ਸਕਦੇ। ਭਾਰਤ ਸਰਕਾਰ ਜੋ ਖੁਦ ਨੂੰ ਸਾਰੇ ਲੋਕਾਂ ਦਾ ਨੁਮਾਇੰਦਾ ਦੱਸਦੀ ਹੈ, ਉਹ ਵੀ ਇਹਨਾਂ ਅਮੀਰਾਂ ਦੇ ਮੁਨਾਫੇ ਵਧਾਉਣ, ਜਨਤਕ ਦੌਲਤ ਅਤੇ ਕੁਦਰਤੀ ਸਾਧਨ ਇਹਨਾਂ ਦੇ ਹਵਾਲੇ ਕਰਨ ਲਈ ਹੀ ਕੰਮ ਕਰਦੀ ਹੈ। ਸਰਕਾਰ ਅੰਬਾਨੀ ਦੀ ਸੇਵਾ ਵਿੱਚ ਇੰਨੀ ਲੀਨ ਹੈ ਕਿ ਸਭ ਨਿਯਮ-ਕਨੂੰਨ ਛਿੱਕੇ ਟੰਗ ਕੇ ਗੁਜਰਾਤ ਦੇ ਜਾਮਨਗਰ ਹਵਾਈ ਅੱਡੇ ਨੂੰ ਕੁਝ ਦਿਨਾਂ ਲਈ ਕੌਮਾਂਤਰੀ ਹਵਾਈ ਅੱਡਾ ਵੀ ਐਲਾਨ ਦਿੱਤਾ ਗਿਆ ਤਾਂ ਜੋ ਅੰਬਾਨੀ ਦੇ ਵਿਦੇਸ਼ੀ ਮਹਿਮਾਨਾਂ ਨੂੰ ਸਫਰ ਵਿੱਚ ਕੋਈ ਔਖਿਆਈ ਨਾ ਆਵੇ। ਦੂਜੇ ਹੱਥ, ਆਮ ਲੋਕਾਂ ਨੂੰ ਸਿੱਖਿਆ, ਸਿਹਤ ਸਹੂਲਤਾਂ, ਰੁਜਗਾਰ ਮੁਹੱਈਆ ਕਰਵਾਉਣ ਵੇਲੇ ਇਹਨਾਂ ਸਰਕਾਰਾਂ ਦੇ ਹੱਥ ਖੜ੍ਹੇ ਹੋ ਜਾਂਦੇ ਹਨ। ਸਰਕਾਰੀ ਹਸਪਤਾਲਾਂ, ਬੱਸਾਂ-ਟਰੇਨਾਂ ਵਿੱਚ ਹੁੰਦੀ ਅੰਤਾਂ ਦੀ ਭੀੜ ਤੋਂ ਇਹਨਾਂ ਨੂੰ ਕੋਈ ਦਿੱਕਤ ਨਹੀਂ ਹੁੰਦੀ।

ਮੁਕੇਸ਼ ਅੰਬਾਨੀ ਇਸ ਵੇਲੇ ਭਾਰਤ ਦਾ ਸਭ ਤੋਂ ਅਮੀਰ ਸਰਮਾਏਦਾਰ ਹੈ। ਇੱਕ ਅੰਦਾਜੇ ਮੁਤਾਬਕ ਇਸ ਵੇਲੇ ਉਹ ਘੱਟੋ-ਘੱਟ 7.65 ਲੱਖ ਕਰੋੜ ਦੀ ਦੌਲਤ ਦਾ ਮਾਲਕ ਹੈ। ਇਸ ਵਿਆਹ ਉੱਪਰ ਖਰਚ ਹੋਏ 1259 ਕਰੋੜ ਉਸਦੀ ਦੌਲਤ ਦਾ ਇੱਕ ਛੋਟਾ ਜਿਹਾ ਹਿੱਸਾ ਹੀ ਹਨ। ਭਾਰਤ ਦੇ ਇਸ ਸਭ ਤੋਂ ਵੱਡੇ ਧਨਾਢ ਕੋਲ਼ ਮੀਡੀਆ, ਪੈਟਰੋਲ ਸੋਧਣ ਦੀ ਸੱਨਅਤ ਤੋਂ ਲੈ ਕੇ ਟੈਲੀਕੌਮ, ਪਰਚੂਣ ਅਤੇ ਵਿੱਤੀ ਖੇਤਰ ਦੀਆਂ ਵੀ ਕੁਝ ਕੰਪਨੀਆਂ ਦੀ ਮਾਲਕੀ ਹੈ। ਇਹ ਸਾਰੀ ਦੌਲਤ ਲੱਖਾਂ ਮਜਦੂਰਾਂ ਦੀ ਕਿਰਤ ਸ਼ਕਤੀ ਦੀ ਲੁੱਟ ਕਰਕੇ ਜਮ੍ਹਾਂ ਕੀਤੀ ਗਈ ਦੌਲਤ ਹੈ ਜਿਸਨੂੰ ਅੰਨ੍ਹੇਵਾਹ ਵਿਆਹ ਸਮਾਗਮ ਵਿੱਚ ਐਸ਼ਪ੍ਰਸਤੀ ਲਈ ਵਹਾਇਆ ਗਿਆ। ਬੇਸ਼ਰਮ ਭਾਰਤੀ ਮੀਡੀਆ ਖੂਬ ਜੋਰ-ਸ਼ੋਰ ਨਾਲ਼ ਇਸ ਵਿਆਹ ਦੌਰਾਨ ਇਹਨਾਂ ਪਰਜੀਵੀਆਂ ਵੱਲੋਂ ਪਾਏ ਗਏ ਮਹਿੰਗੇ ਕੱਪੜੇ, ਵੱਖ-ਵੱਖ ਤਰ੍ਹਾਂ ਦੀਆਂ ਪਾਰਟੀਆਂ ਅਤੇ ਮੇਲੇ ਦਿਖਾਉਣ 'ਤੇ ਲੱਗਾ ਰਿਹਾ। ਇੱਕ ਚੈਨਲ ਦੇ ਪੱਤਰਕਾਰ ਨੇ ਤਾਂ ਅੰਬਾਨੀ ਦੇ ਨਿੱਜੀ ਪਾਰਕ ਵਿੱਚ ਹਾਥੀਆਂ ਲਈ ਤਿਆਰ ਖਾਣੇ ਦਾ ਸੁਆਦ ਚੱਖ ਕੇ ਵੀ ਵੇਖਿਆ! ਸਿਰਫ ਇਹੀ ਨਹੀਂ, ਇਸ ਵਿੱਚ ਨੱਚਣ ਆਏ ਦੇਸ਼ੀ-ਵਿਦੇਸ਼ੀ ਭੰਡ ਕਲਾਕਾਰਾਂ ਦੇ ਨਾਚ ਉੱਪਰ ਵੀ ਕਰੋੜਾਂ ਰੁਪਏ ਵਹਾਏ ਗਏ। ਸਿਰਫ ਕੁਝ ਮਿੰਟਾਂ ਦੇ ਪ੍ਰੋਗਰਾਮ ਲਈ 4 ਤੋਂ ਲੈ ਕੇ 74 ਕਰੋੜ ਤੱਕ ਰੁਪਏ ਫੂਕੇ ਗਏ। ਭਾਜਪਾ-ਆਰਐਸਐਸ ਨਾਲ਼ ਆਪਣੀ ਗੂੜ੍ਹੀ ਮਿੱਤਰਤਾ ਵਿਖਾਉਣ ਲਈ ਅਤੇ ਉਹਨਾਂ ਵੱਲੋਂ ਕੀਤੀ ਜਾ ਰਹੀ ਸੇਵਾ ਨੂੰ ਵੀ ਧਿਆਨ ਵਿੱਚ ਰੱਖਦਿਆਂ ਇੱਕ ਪਾਰਟੀ ਵਿੱਚ ਸੰਘ ਦੇ ਨਜਰੀਏ ਵਾਲ਼ੇ ਪਿਛਾਖੜੀ "ਭਾਰਤੀ ਸੱਭਿਆਚਾਰ" ਦੀ ਵੀ ਉਸਤਤ ਕੀਤੀ ਗਈ। ਪਾਰਟੀ ਵਿੱਚ ਹੋਰ ਦੇਸ਼ਾਂ ਦੇ ਆਪਣੇ ਲੋਟੂ ਯਾਰਾਂ ਜਿਵੇਂ ਬਿਲ ਗੇਟਸ, ਯੁਕਰਬਰਗ ਨੂੰ ਬੁਲਾਇਆ ਗਿਆ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਕੁਝ ਦਿਨ ਲਈ ਜਾਮਨਗਰ ਵਿੱਚ ਭਾਰਤ ਅਤੇ ਸੰਸਾਰ ਭਰ ਦੇ ਪਰਜੀਵੀਆਂ ਦਾ ਇਹ ਸ਼ਾਨਦਾਰ ਇਕੱਠ ਸੀ। ਦੌਲਤ ਦੇ ਇਸ ਨੰਗੇ ਨਾਚ ਉੱਪਰ ਪਰਦਾ ਪਾਉਣ ਲਈ, ਵਿਆਹ ਤੋਂ ਕੁਝ ਦਿਨ ਪਹਿਲਾਂ, ਅੰਬਾਨੀ ਨੇ "ਗਰੀਬ ਲੋਕਾਂ" ਲਈ ਇੱਕ ਵੱਡੇ ਭੋਜ ਦਾ ਵੀ ਆਯੋਜਨ ਕੀਤਾ ਜਿਸ ਵਿੱਚ ਜਾਮਨਗਰ ਦੇ 51,000 ਲੋਕਾਂ ਨੂੰ ਗੁਜਰਾਤ ਦੇ ਸ਼ਾਹੀ ਭੋਜਨ ਪਰੋਸੇ ਗਏ ਅਤੇ ਆਪਣੇ ਇਸ "ਦਾਨ-ਪੁੰਨ" ਨੂੰ ਅੰਬਾਨੀ ਨੇ ਵਧ-ਚੜ੍ਹ ਕੇ ਪ੍ਰਚਾਰਿਆ। ਇਸ ਤੋਂ ਪਹਿਲਾਂ ਵੀ ਅੰਬਾਨੀ ਵੱਖ-ਵੱਖ ਤਰ੍ਹਾਂ ਦੀਆਂ ਅਖੌਤੀ ਸਮਾਜ ਭਲਾਈ ਸੰਸਥਾਵਾਂ ਚਲਾਉਂਦਾ ਹੈ ਜਿਸਨੂੰ ਮੀਡੀਆ ਵਿੱਚ ਅੰਬਾਨੀ ਦੀ ਸੇਵਾ-ਭਾਵਨਾ ਵਜੋਂ ਪੇਸ਼ ਕੀਤਾ ਜਾਂਦਾ ਹੈ। ਇੱਥੇ ਅਸਲ ਗੱਲ ਇਹ ਹੈ ਕਿ ਇਹ ਦਾਨ-ਪੁੰਨ ਕਰਨ ਲਈ ਜੋ ਵੀ ਪੈਸੇ ਅੰਬਾਨੀ ਜਾਂ ਉਸ ਵਰਗੇ ਹੋਰ ਸਰਮਾਏਦਾਰ ਖਰਚਦੇ ਹਨ, ਉਹ ਪੈਸੇ ਅਸਲ ਵਿੱਚ ਮਜਦੂਰ ਜਮਾਤ ਦੀ ਕਿਰਤ ਦੀ ਲੁੱਟ ਤੋਂ ਹਾਸਲ ਕੀਤੀ ਗਈ ਵਾਫਰ ਕਦਰ ਤੋਂ ਹੀ ਆਉਂਦੇ ਹਨ। ਇਸ ਲੁੱਟ ਦੇ ਪੈਸੇ ਦਾ ਬਹੁਤ ਹੀ ਥੋੜ੍ਹਾ ਜਿਹਾ ਹਿੱਸਾ, ਸਮਾਜ ਨੂੰ ਆਪਣੇ ਨੇਕ-ਦਿਲ ਹੋਣ ਦਾ ਦਿਖਾਵਾ ਕਰਨ ਲਈ ਖਰਚਿਆ ਜਾਂਦਾ ਹੈ। ਇਹਨਾਂ ਸੰਸਥਾਵਾਂ ਨੂੰ ਟੈਕਸ ਚੋਰੀ ਕਰਨ ਲਈ ਵੀ ਚੋਰ ਦਰਵਾਜੇ ਵਜੋਂ ਵਰਤਿਆ ਜਾਂਦਾ ਹੈ। ਇਹਨਾਂ ਲੋਟੂਆਂ ਕੋਲ਼ ਮੌਜੂਦ ਸਾਰੀ ਦੌਲਤ ਹੀ ਮਜਦੂਰ ਜਮਾਤ ਵੱਲੋਂ ਪੈਦਾ ਕੀਤੀ ਗਈ ਹੈ ਜਿਸ ਉੱਪਰ ਇਹ ਪਰਜੀਵੀ ਪਲਦੇ ਹਨ।



ਭਾਰਤ ਵਿੱਚ ਆਰਥਿਕ ਗੈਰ-ਬਰਾਬਰੀ ਪਿਛਲੇ ਕੁਝ ਸਮੇਂ ਵਿੱਚ ਬਹੁਤ ਹੀ ਤੇਜ ਰਫਤਾਰ ਨਾਲ਼ ਵਧੀ ਹੈ। ਦੇਸ਼ ਦੀ ਕੁੱਲ 77% ਦੌਲਤ ਉੱਪਰ ਸਿਰਫ ਚੋਟੀ ਦੇ 10% ਅਮੀਰ ਕਾਬਜ ਹਨ। ਸਭ ਤੋਂ ਸਿਖਰਲੇ 5% ਅਮੀਰਾਂ ਕੋਲ਼ ਦੇਸ਼ ਦੀ ਕੁੱਲ ਦੌਲਤ ਦਾ 60% ਹਿੱਸਾ ਹੈ। 2012 ਤੋਂ ਲੈ ਕੇ 2021 ਦਰਮਿਆਨ ਦੇਸ਼ ਵਿੱਚ ਪੈਦਾ ਹੋਈ ਕੁੱਲ ਦੌਲਤ ਵਿੱਚੋਂ 40% ਹਿੱਸਾ ਸਿਰਫ 1% ਸਰਮਾਏਦਾਰਾਂ ਦੇ ਹੱਥ ਆਇਆ ਜਦਕਿ ਹੇਠਲੀ 50% ਵਸੋਂ ਦੇ ਹਿੱਸੇ ਸਿਰਫ 3%! ਇਸ ਸਮੇਂ ਦੇਸ਼ ਦੇ 100 ਅਮੀਰਾਂ ਦੀ ਕੁੱਲ ਜਾਇਦਾਦ 54 ਲੱਖ ਕਰੋੜ ਦੇ ਕਰੀਬ ਹੈ। ਇਸ ਰਕਮ ਨਾਲ਼ ਪੂਰੇ 18 ਮਹੀਨੇ ਤੱਕ ਭਾਰਤ ਸਰਕਾਰ ਦੇ ਬਜਟ ਨੂੰ ਫੰਡ ਕੀਤਾ ਜਾ ਸਕਦਾ ਹੈ। ਦੂਜੇ ਹੱਥ, ਭਾਰਤ ਭੁੱਖਮਰੀ ਨਾਲ਼ ਜੂਝ ਰਹੇ ਦੇਸ਼ਾਂ ਦੀ ਸੂਚੀ ਵਿੱਚ 111'ਵੇਂ ਸਥਾਨ 'ਤੇ ਹੈ। ਭਾਰਤ ਇਸ ਸੂਚੀ ਵਿੱਚ ਪਾਕਿਸਤਾਨ, ਬੰਗਲਾਦੇਸ਼, ਨੇਪਾਲ ਤੋਂ ਵੀ ਪਿੱਛੇ ਹੈ ਅਤੇ ਭਾਰਤ ਦੇ ਨਾਲ਼ ਸਿਰਫ ਅਫਰੀਕੀ ਮਹਾਂਦੀਪ ਦੇ ਕੁਝ ਬਹੁਤ ਹੀ ਗਰੀਬ ਦੇਸ਼ ਹਨ। ਇਸ ਦੇਸ਼ ਵਿੱਚ 74% ਲੋਕ ਸੰਤੁਲਤ ਭੋਜਨ ਜਿਸ ਵਿੱਚ ਪ੍ਰੋਟੀਨ, ਵਿਟਾਮਿਨ ਆਦਿ ਸਾਰੇ ਖੁਰਾਕੀ ਤੱਤ ਹੋਣ, ਹਾਸਲ ਕਰਨ ਦੀ ਹਾਲਤ ਵਿੱਚ ਨਹੀਂ ਹਨ, ਲੱਗਭੱਗ 35% ਦੇ ਕਰੀਬ ਬੱਚੇ ਖੜ੍ਹੋਤ ਦਾ ਸ਼ਿਕਾਰ ਹਨ, 18% ਬੱਚੇ ਭੋਜਨ ਦੀ ਘਾਟ ਕਾਰਣ ਕੁਪੋਸ਼ਣ ਤੋਂ ਵੀ ਭੈੜੀ ਹਾਲਤ ਵਿੱਚ ਹਨ, ਦੇਸ਼ ਦੀਆਂ 50% ਤੋਂ ਵੱਧ ਔਰਤਾਂ ਅਨੀਮੀਆ ਜਾਣੀ ਖੂਨ ਦੀ ਕਮੀ ਦਾ ਸ਼ਿਕਾਰ ਹਨ, 63 ਕਰੋੜ ਤੋਂ ਵੱਧ ਲੋਕਾਂ ਦੀ ਚੰਗੇ ਇਲਾਜ ਅਤੇ ਹਸਪਤਾਲਾਂ ਤੱਕ ਪਹੁੰਚਣ ਦੀ ਸਮਰੱਥਾ ਨਹੀਂ ਹੈ। ਦੇਸ਼ ਦਾ ਜਨਤਕ ਸਿਹਤ ਢਾਂਚਾ ਬਿਲਕੁਲ ਜਰਜਰ ਹਾਲਾਤਾਂ ਵਿੱਚ ਹੈ। ਅੰਬਾਨੀ ਵਰਗੇ 10 ਚੋਟੀ ਦੇ ਅਮੀਰਾਂ ਦੀ ਦੌਲਤ ਨਾਲ਼ ਦੇਸ਼ ਵਿੱਚ ਹਰ ਬੱਚੇ ਨੂੰ ਸਕੂਲ ਤੋਂ ਲੈ ਕੇ, ਯੂਨੀਵਰਸਿਟੀ ਤੱਕ ਦੀ ਸਿੱਖਿਆ ਮੁਫਤ ਦਿੱਤੀ ਜਾ ਸਕਦੀ ਹੈ। ਦੇਸ਼ ਦੇ 98 ਸਭ ਤੋਂ ਵੱਧ ਅਮੀਰ ਸਰਮਾਏਦਾਰਾਂ ਉੱਪਰ ਸਿਰਫ 1% ਦੌਲਤ ਟੈਕਸ ਨਾਲ਼ 7 ਸਾਲ ਤੱਕ ਲੋਕਾਂ ਨੂੰ 5 ਲੱਖ ਤੱਕ ਦੀ ਡਾਕਟਰੀ ਸਹਾਇਤਾ ਦਾ ਖਰਚ ਪੂਰਾ ਹੋ ਸਕਦਾ ਹੈ। ਇਸਦੇ ਉਲਟ, ਭਾਰਤ ਸਰਕਾਰ ਲਗਾਤਾਰ ਅਮੀਰਾਂ ਦੇ ਟੈਕਸ ਉੱਪਰ ਕਟੌਤੀ ਕਰ ਰਹੀ ਹੈ। ਇਸ ਸਾਲ ਦੇ ਬਜਟ ਵਿੱਚ ਵੀ 5 ਕਰੋੜ ਤੋਂ ਵੱਧ ਦੀ ਆਮਦਨ ਉੱਪਰ ਸਰਚਾਰਜ ਦਰ ਨੂੰ ਘਟਾਇਆ ਗਿਆ ਹੈ। 2014-15 ਤੋਂ ਲੈ ਕੇ, ਅਮੀਰਾਂ ਦੇ 14.56 ਲੱਖ ਕਰੋੜ ਦੇ ਕਰਜਿਆਂ ਉੱਪਰ ਸਰਕਾਰ ਵੱਲੋਂ ਲੀਕ ਫੇਰੀ ਗਈ ਹੈ। ਅਮੀਰਾਂ ਨੂੰ ਕਰਜੇ ਲੈ ਕੇ ਨਾ ਮੋੜਨ ਦੀ ਹਾਲਤ ਵਿੱਚ ਵੀ ਕੋਈ ਖਾਸ ਸਜਾ ਨਾ ਹੋਵੇ, ਇਸ ਲਈ ਰਿਜਰਵ ਬੈਂਕ ਨੇ ਬਕਾਇਦਾ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਹਨ।

ਇਹਨਾਂ ਸਰਮਾਏਦਾਰਾਂ ਕੋਲ਼ ਕੋਈ ਮਿਹਨਤ ਨਾਲ਼ ਕਮਾਈ ਹੋਈ ਦੌਲਤ ਨਹੀਂ ਹੈ, ਜਿਵੇਂ ਸਰਮਾਏਦਾਰਾ ਮੀਡੀਆ ਅਤੇ ਇਸ ਢਾਂਚੇ ਦੇ ਹੋਰ ਪੈਰੋਕਾਰ ਆਮ ਤੌਰ 'ਤੇ ਪ੍ਰਚਾਰਦੇ ਹਨ। ਇਹ ਸਾਰਾ ਧਨ ਮਜਦੂਰ ਜਮਾਤ ਅਤੇ ਹੋਰ ਕਿਰਤੀ ਲੋਕਾਂ ਵੱਲੋਂ ਪੈਦਾ ਕੀਤਾ ਜਾਂਦਾ ਹੈ ਜਿਸ ਉੱਪਰ ਇਹ ਪਰਜੀਵੀ, ਪੈਦਾਵਾਰ ਦੇ ਸਾਧਨ ਜਿਵੇਂ ਫੈਕਟਰੀ, ਜਮੀਨਾਂ ਆਦਿ ਦੀ ਮਾਲਕੀ ਹੋਣ ਕਾਰਣ ਕਬਜਾ ਕਰਦੇ ਹਨ। ਪਰ ਬਾਕੀ ਲੋਟੂ ਸਮਾਜਿਕ ਪ੍ਰਬੰਧਾਂ ਵਾਂਗ, ਇਹ ਸਰਮਾਏਦਾਰਾ ਪ੍ਰਬੰਧ ਜੋ ਬਹੁਗਿਣਤੀ ਕਿਰਤੀ ਲੋਕਾਂ ਦੀ ਲੁੱਟ ਉੱਪਰ ਟਿਕਿਆ ਹੈ, ਸਦੀਵੀ ਨਹੀਂ ਹੈ। ਅੰਬਾਨੀ ਅਤੇ ਇਸਦੇ ਵਰਗੇ ਹੋਰ ਲੋਟੂ ਪਰਜੀਵੀਆਂ ਵੱਲੋਂ ਕੀਤੀਆਂ ਜਾਂਦੀਆਂ ਇਹ ਅੱਯਾਸ਼ੀਆਂ ਅਤੇ ਦੂਜੇ ਹੱਥ ਕਰੋੜਾਂ ਲੋਕਾਂ ਵੱਲੋਂ ਦੁੱਖਾਂ, ਭੁੱਖਮਰੀ ਭਰੀਆਂ ਹਾਲਤਾਂ ਵਿੱਚ ਬਤੀਤ ਕੀਤੀ ਜਾ ਰਹੀ ਜਿੰਦਗੀ ਇਸ ਪ੍ਰਬੰਧ ਦੇ ਮਨੁੱਖਦੋਖੀ ਖਾਸੇ ਨੂੰ ਬੇਪਰਦਾ ਕਰ ਦਿੰਦੀ ਹੈ। ਕਿਰਤੀ ਲੋਕ ਜਰੂਰ ਇੱਕ ਦਿਨ ਇਸ ਪ੍ਰਬੰਧ ਨੂੰ ਵੀ ਇਤਿਹਾਸ ਦੇ ਕੂੜੇਦਾਨ ਵਿੱਚ ਸੁੱਟ ਕੇ, ਇੱਕ ਲੋਕ ਪੱਖੀ, ਲੁੱਟ ਰਹਿਤ ਸਮਾਜ ਦੀ ਉਸਾਰੀ ਕਰਨਗੇ।

• ਗੁਰਪ੍ਰੀਤ ਅੰਮ੍ਰਿਤਸਰ

ਆਈਨਸਟਾਈਨ : ਲੋਕਾਂ ਦਾ ਆਪਣਾ ਵਿਗਿਆਨੀ

(14 ਮਾਰਚ ਨੂੰ ਜਨਮ ਦਿਹਾੜੇ ਮੌਕੇ)

"ਪ੍ਰੋਫੈਸਰ ਸੁਣਿਆ ਹੈ ਤੁਹਾਡੇ ਸਾਪੇਖਤਾ ਦੇ ਸਿਧਾਂਤ ਨੂੰ ਰੱਦ ਕਰਨ ਲਈ 100 ਤੋਂ ਵੱਧ ਨਾਜੀ ਵਿਗਿਆਨੀਆਂ ਨੇ ਵਿਰੋਧ ਦਰਜ ਕਰਵਾਇਆ ਹੈ?"

ਆਈਨਸਟਾਈਨ ਜਵਾਬ ਦਿੰਦੇ ਹਨ, "ਜੇਕਰ ਮੇਰਾ ਸਿਧਾਂਤ ਗਲਤ ਹੈ ਤਾਂ ਇਸਨੂੰ ਰੱਦ ਕਰਨ ਲਈ ਇੱਕ ਵਿਗਿਆਨੀ ਹੀ ਕਾਫੀ ਹੈ।"

ਉਪਰੋਕਤ ਸਵਾਲ ਆਈਨਸਟਾਈਨ ਨੂੰ ਓਦੋਂ ਪੁੱਛਿਆ ਗਿਆ ਜਦੋਂ 1930'ਵਿਆਂ ਵਿੱਚ ਜਰਮਨੀ ਦੀਆਂ ਗਲੀਆਂ ਵਿੱਚ ਫਾਸ਼ੀਵਾਦੀ ਆਮ ਲੋਕਾਂ ਉੱਤੇ ਕਹਿਰ ਢਾਹ ਰਹੇ ਸਨ, ਆਪਣੇ ਵਿਰੋਧੀ ਬੁੱਧੀਜੀਵੀਆਂ ਨੂੰ ਗ੍ਰਿਫਤਾਰ ਕਰ ਰਹੇ ਸਨ ਜਾਂ ਮਾਰ ਰਹੇ ਸਨ ਤਾਂ ਮਜਬੂਰਨ ਆਈਨਸਟਾਈਨ ਨੂੰ ਆਪਣੀ ਮਾਂ ਭੂਮੀ ਛੱਡਕੇ ਇੰਗਲੈਂਡ ਆਉਣਾ ਪਿਆ।

ਆਈਨਸਟਾਈਨ ਅਜੋਕੇ ਯੁੱਗ ਦਾ ਉਹ ਮਹਾਨ ਵਿਗਿਆਨੀ ਹੈ ਜਿਸਨੂੰ ਸਾਰਾ ਸੰਸਾਰ ਸਿਰਫ ਉਸਦੀਆਂ ਭੌਤਿਕ ਵਿਗਿਆਨ ਦੇ ਖੇਤਰ ਵਿੱਚ ਪ੍ਰਾਪਤੀਆਂ ਲਈ ਹੀ ਨਹੀਂ ਜਾਣਦਾ ਸਗੋਂ ਉਹਨਾਂ ਨੂੰ ਇਸ ਲਈ ਵੀ ਜਾਣਿਆ ਜਾਂਦਾ ਹੈ ਕਿ ਉਹ ਸਿਆਸਤ ਅਤੇ ਲੋਕਾਂ ਦੇ ਪੱਖ ਵਿੱਚ ਵੀ ਲਗਾਤਾਰ ਬੋਲਦੇ ਰਹੇ। ਇਸ ਲੇਖ ਰਾਹੀਂ ਅਸੀਂ ਆਈਨਸਟਾਈਨ ਦੇ ਜੀਵਨ ਬਾਰੇ ਇਸ ਲਈ ਗੱਲ ਕਰਨੀ ਜਰੂਰੀ ਸਮਝਦੇ ਹਾਂ ਕਿ ਅੱਜ ਵਿਗਿਆਨਕ ਪ੍ਰਯੋਗਸ਼ਾਲਾਵਾਂ ਦੀਆਂ ਕੰਧਾਂ ਅੰਦਰ ਕੈਦ ਖੋਜਾਰਥੀ ਵੇਖ ਸਕਣ ਕਿ ਕਿਵੇਂ ਇੱਕ ਮਹਾਨ ਵਿਗਿਆਨੀ ਲੋਕਾਂ ਨਾਲ਼ ਰਚਿਆ-ਮਿਚਿਆ ਹੋਇਆ ਸੀ।

ਸੋਵੀਅਤ ਯੂਨੀਅਨ ਵੱਲੋਂ ਉਸਾਰੇ ਗਏ ਲੋਕ ਪੱਖੀ ਸਮਾਜ ਜਿਸਨੂੰ ਸਮਾਜਵਾਦ ਕਿਹਾ ਜਾਂਦਾ ਹੈ, ਦੀ ਹਮਾਇਤ ਵਿੱਚ ਆਈਨਸਟਾਈਨ ਨੇ ਖੁੱਲ੍ਹਕੇ ਆਪਣੇ ਵਿਚਾਰ ਰੱਖੇ ਅਤੇ ਮਹੱਤਵਪੂਰਨ ਲੇਖ ਲਿਖਿਆ ਜਿਸਦਾ ਸਿਰਲੇਖ ਸੀ "ਸਮਾਜਵਾਦ ਹੀ ਕਿਉਂ?"

ਅੱਜ ਆਈਨਸਟਾਈਨ ਦੇ ਚਲੇ ਜਾਣ ਦੇ 68 ਸਾਲਾਂ ਬਾਅਦ ਵੀ ਸਮਾਜ ਸਾਮਰਾਜੀ ਜੰਗਾਂ ਦੇ ਜੂਲੇ ਹੇਠ ਪਿਸ ਰਿਹਾ ਹੈ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਸਿਖਰ ਉੱਤੇ ਹੈ। ਇਸ ਲਈ ਅੱਜ ਸਾਡੀ ਵਿਰਾਸਤ 'ਚੋਂ ਉਸ ਮਹਾਨ ਵਿਗਿਆਨੀ ਨੂੰ ਯਾਦ ਕਰਨਾ ਹੋਰ ਵੀ ਸਾਰਥਕ ਹੋ ਜਾਂਦਾ ਹੈ।

ਆਈਨਸਟਾਈਨ ਦਾ ਜਨਮ 14 ਮਾਰਚ 1879 ਨੂੰ ਜਰਮਨੀ ਵਿੱਚ ਹੋਇਆ ਸੀ। ਆਈਨਸਟਾਈਨ ਨੂੰ ਬਚਪਨ ਵਿੱਚ ਚੰਗੀ ਪਰਵਰਿਸ਼ ਮਿਲ਼ੀ ਤੇ ਉਹਨਾਂ ਡਾਰਵਿਨ ਦੇ ਜੀਵ ਵਿਕਾਸ ਦੇ ਸਿਧਾਂਤ ਨੂੰ ਪੜ੍ਹਿਆ ਜਿਸ ਨਾਲ਼ ਉਹਨਾਂ ਦੀ ਕੁਦਰਤੀ ਵਿਗਿਆਨਾਂ ਵਿੱਚ ਦਿਲਚਸਪੀ ਡੂੰਘੀ ਹੁੰਦੀ ਗਈ। ਦੂਜੇ ਪਾਸੇ ਭੌਤਿਕ ਵਿਗਿਆਨ ਅਤੇ ਰਸਾਇਣਕ ਵਿਗਿਆਨ ਖੇਤਰ ਵੀ ਆਪਣੇ ਜੋਬਨ ਉੱਤੇ ਸਨ ਜਿਸ ਤੋਂ ਆਈਨਸਟਾਈਨ ਬਹੁਤ ਪ੍ਰਭਾਵਿਤ ਸਨ ਅਤੇ ਇਸ ਖੇਤਰ ਨੂੰ ਜਵਾਨ ਕਰਨ ਵਿੱਚ ਆਇਨਸਟਾਈਨ ਦੀ ਮੁੱਖ ਭੂਮਿਕਾ ਰਹੀ। ਆਈਨਸਟਾਈਨ ਦੇ ਪਿਤਾ ਹਰਮਨ ਆਈਨਸਟਾਈਨ ਨੇ ਬਾਲ ਆਈਨਸਟਾਈਨ ਨੂੰ 4 ਸਾਲ ਦੀ ਉਮਰ ਵਿੱਚ ਇੱਕ ਚੁੰਬਕੀ-ਕੰਪਾਸ ਤੋਹਫੇ ਵਜੋਂ ਦਿੱਤਾ। ਆਈਨਸਟਾਈਨ ਨੇ ਮਗਰੋਂ ਦੱਸਿਆ ਕਿ ਇਹ ਚੁੰਬਕੀ ਉਹਨਾਂ ਨੂੰ ਬਹੁਤ ਪ੍ਰਭਾਵਿਤ ਕਰਦੀ ਸੀ ਤੇ ਉਹ ਇਸੇ ਬਾਰੇ ਸੋਚਦੇ ਰਹਿੰਦੇ ਕਿ ਇਹ ਚੁੰਬਕ ਹਰ ਵਾਰ ਉੱਤਰੀ ਧਰੁਵ ਵੱਲ ਹੀ ਕਿਉਂ ਮੁੜ ਜਾਂਦੀ ਹੈ?

ਸਾਲ 1895 ਵਿੱਚ 16 ਸਾਲ ਦੀ ਉਮਰ ਵਿੱਚ ਆਈਨਸਟਾਈਨ ਪੜ੍ਹਾਈ ਲਈ ਸਵਿਜਰਲੈਂਡ ਆ ਗਏ ਜਿੱਥੇ ਉਹਨਾਂ ਨੇ ਪੜ੍ਹਾਈ ਪੂਰੀ ਕਰਨ ਤੋਂ ਬਾਅਦ 1905 ਵਿੱਚ ਸਾਪੇਖਤਾ ਦੇ ਸਿਧਾਂਤ ਬਾਰੇ ਆਪਣਾ ਖੋਜ ਪੱਤਰ ਛਪਵਾਇਆ। ਇਸ ਤੋਂ ਬਾਅਦ ਉਹਨਾਂ ਨੂੰ 1914 ਵਿੱਚ ਬਰਲਿਨ ਯੂਨੀਵਰਸਿਟੀ ਵਿਖੇ ਬਤੌਰ ਪ੍ਰੋਫੈਸਰ ਪੜ੍ਹਾਉਣ ਦਾ ਮੌਕਾ ਮਿਲ਼ਿਆ। ਸਾਪੇਖਤਾ ਬਾਰੇ ਆਪਣੇ ਖੋਜ ਪੱਤਰ ਰਾਹੀਂ ਆਈਨਸਟਾਈਨ ਵਿਗਿਆਨ ਦੇ ਖੇਤਰ ਵਿੱਚ ਇਨਕਲਾਬ ਦਾ ਮੁੱਢ ਬੰਨ੍ਹ ਚੁੱਕੇ ਸਨ। ਉਹਨਾਂ ਨੇ ਨਿਊਟਨ ਦੇ ਮਕਾਨਕੀ ਦੇ ਸਿਧਾਂਤਾਂ ਤੋਂ ਸਿੱਖਦਿਆਂ ਜਦੋਂ ਪ੍ਰਮਾਣੂ ਦਾ ਅਧਿਐਨ ਅਰੰਭ ਕੀਤਾ ਤਾਂ ਮਕਾਨਕੀ ਦੇ ਸਿਧਾਂਤ ਨਵੇਂ ਸਿਖਰ ਤੱਕ ਲੈ ਗਏ। ਇੱਥੋਂ ਹੀ ਅੱਗੇ ਕੁਆਂਟਮ ਭੌਤਿਕੀ ਦੀ ਸ਼ੁਰੂਆਤ ਹੋਈ। ਆਈਨਸਟਾਈਨ ਦੇ ਊਰਜਾ ਅਤੇ ਪੁੰਜ ਦੇ ਬਰਾਬਰਤਾ ਦੇ ਸਿਧਾਂਤ ਨੇ ਸਾਬਿਤ ਕਰ ਦਿੱਤਾ ਕਿ ਇਹ ਇੱਕ ਹੀ ਸ਼ੈਅ ਦੇ ਦੋ ਪ੍ਰਗਟਾਵੇ ਹਨ। ਪਦਾਰਥ ਦੇ ਪੁੰਜ ਨੂੰ ਜੇਕਰ ਉਸਦੇ ਵੇਗ ਦੇ ਵਰਗਮੂਲ ਨਾਲ਼ ਗੁਣਾ ਕਰ ਦੇਈਏ ਤਾਂ ਇਹ ਉਸਦੀ ਊਰਜਾ ਦੇ ਬਰਾਬਰ ਹੁੰਦਾ ਹੈ ਜਾਣੀ 5=$\$3^2$। ਜੇਕਰ ਫਲਸਫੇ ਦੇ ਪੱਧਰ ਤੋਂ ਗੱਲ ਕਰੀਏ ਤਾਂ ਇਹ ਪਦਾਰਥਵਾਦ ਦੀ ਵੱਡੀ ਜਿੱਤ ਸੀ ਜਿਸਨੇ ਇਹ ਸਾਬਿਤ ਕਰਨ ਵਿੱਚ ਮਦਦ ਕੀਤੀ ਕਿ ਊਰਜਾ ਵੀ ਪਦਾਰਥ ਦਾ ਹੀ ਰੂਪ ਹੈ। ਆਈਨਸਟਾਈਨ ਦੇ ਕੁਆਂਟਮ ਫਿਜਿਕਸ ਵਿੱਚ ਵਡਮੁੱਲੇ ਯੋਗਦਾਨ ਨੇ ਇਹ ਸਾਬਿਤ ਕਰ ਦਿੱਤਾ ਕਿ ਪਦਾਰਥ ਦੇ ਹਰ ਤਰ੍ਹਾਂ ਦੇ ਪ੍ਰਗਟਾਵੇ ਨੂੰ ਸਮਝਿਆ ਜਾ ਸਕਦਾ ਹੈ ਅਤੇ ਕੁੱਝ ਵੀ ਰਹੱਸਮਈ ਨਹੀਂ ਹੈ। ਇੱਕ ਪਾਸੇ ਵਿਚਾਰਵਾਦੀ ਦਾਰਸ਼ਨਿਕਾਂ ਦਾ ਇਹ ਪ੍ਰਚਾਰ ਕਰਨ ਉੱਤੇ ਜੋਰ ਲੱਗਿਆ ਹੋਇਆ ਸੀ ਕਿ ਕੁੱਲ ਸੰਸਾਰ ਰੱਬ ਦੀ ਲੀਲਾ ਅਨੁਸਾਰ ਚਲਦਾ ਹੈ ਅਤੇ ਉਸਦੀ ਲੀਲਾ ਨੂੰ ਕੋਈ ਨਹੀਂ ਜਾਣ ਸਕਦਾ ਅਤੇ ਨਾ ਹੀ ਜਾਣਨਾ ਮਨੁੱਖ ਦਾ ਕੰਮ ਹੈ। ਪਰ ਵਿਚਾਰਵਾਦੀ ਦਾਰਸ਼ਨਿਕਾਂ ਦੇ ਉਲਟ ਆਈਨਸਟਾਈਨ ਦੀਆਂ ਖੋਜਾਂ ਨੇ ਬ੍ਰਹਿਮੰਡ ਦੇ ਡੂੰਘੇ ਰਹੱਸਾਂ ਦੀ ਗੁੱਥੀ ਸੁਲਝਾ ਮਨੁੱਖੀ ਗਿਆਨ ਦੀ ਝੋਲ਼ੀ ਭਰ ਦਿੱਤੀ। ਆਈਨਸਟਾਈਨ ਨੇ ਆਪਣੇ ਫਾਰਮੂਲਿਆਂ ਤੋਂ ਰੌਸ਼ਨੀ, ਗੁਰੂਤਾ, ਸਾਪੇਖਤਾ, ਬਲੈਕ-ਹੋਲ ਆਦਿ ਬਾਰੇ ਜਾਣਕਾਰੀ ਦਿੱਤੀਆਂ ਅਤੇ ਅੱਜ ਸਾਡੇ ਪੁਲਾੜ ਵਿੱਚ ਮੌਜੂਦ ਦੂਰਬੀਨਾਂ ਸਾਨੂੰ ਬਲੈਕ-ਹੋਲ ਸਮੇਤ ਬ੍ਰਹਿਮੰਡ ਦੀਆਂ ਤਸਵੀਰਾਂ ਭੇਜ ਰਹੀਆਂ ਹਨ।

1914 ਵਿੱਚ ਸਾਮਰਾਜੀਆਂ ਵੱਲੋਂ ਛੇੜੀ ਜੰਗ ਦਾ ਆਈਨਸਟਾਈਨ ਨੇ ਉਦੋਂ ਵਿਰੋਧ ਕੀਤਾ ਜਦੋਂ ਮੈਕਸ ਪਲਾਂਕ ਵਰਗੇ ਭੌਤਿਕ ਵਿਗਿਆਨੀ ਇਸ ਸਾਮਰਾਜੀ ਪ੍ਰਚਾਰ ਦੇ ਵਹਿਣ ਵਿੱਚ ਵਹਿ ਜੰਗ ਦੀ ਹਮਾਇਤ ਕਰਨ ਲੱਗੇ ਸਨ। ਇਸ ਜੰਗ ਦੇ ਵਿਰੋਧ ਵਿੱਚ ਆਈਨਸਟਾਈਨ ਨੇ ਜੋ ਵੀ ਲਿਖਿਆ ਉਹ ਜਰਮਨ ਸਰਕਾਰ ਵੱਲੋਂ ਜਬਤ ਕਰ ਲਿਆ ਗਿਆ। ਸੰਸਾਰ ਜੰਗ ਦੇ ਅੰਤ ਤੋਂ ਪਹਿਲਾਂ ਹੀ ਰੂਸ ਵਿੱਚ ਮਜਦੂਰਾਂ ਤੇ ਬਾਲਸ਼ਵਿਕ ਪਾਰਟੀ ਦੀ ਅਗਵਾਈ ਵਿੱਚ ਸਮਾਜਵਾਦੀ ਇਨਕਲਾਬ ਨੇਪਰੇ ਚੜ੍ਹਿਆ। ਆਈਨਸਟਾਈਨ ਨੇ ਵੀ ਆਪਣੀ ਕਲਾਸ ਦੇ ਕਮਰੇ ਬਾਹਰ ਪੋਸਟਰ ਚਿਪਕਾਇਆ ਜਿਸ ਉੱਪਰ ਲਿਖਿਆ ਸੀ "ਕਲਾਸ ਰੱਦ ਇਨਕਲਾਬ ਸ਼ੁਰੂ"।

ਜਰਮਨੀ ਵਿੱਚ ਮਜਦੂਰ ਇਨਕਲਾਬ ਅਸਫਲ ਹੋ ਜਾਣ ਤੋਂ ਬਾਅਦ ਪਿਛਾਖੜ ਦੀ ਵਾਅ ਵਗਣ ਲੱਗੀ ਤੇ ਫਾਸ਼ੀਵਾਦੀਆਂ ਵੱਲੋਂ ਜਰਮਨੀ ਦੀਆਂ ਹਵਾਵਾਂ ਵਿੱਚ ਯਹੂਦੀ ਵਿਰੋਧੀ ਜਹਿਰ ਹੋਰ ਤੇਜੀ ਨਾਲ ਘੋਲ਼ਿਆ ਜਾਣ ਲੱਗਾ। ਆਈਨਸਟਾਈਨ ਦੇ ਚਰਚਿਤ ਸਾਪੇਖਤਾ ਦੇ ਸਿਧਾਂਤ ਨੂੰ "ਯਹੂਦੀ ਵਿਗਾੜ" ਦੇ ਨਾਮ ਹੇਠ ਭੰਡਣਾ ਸ਼ੁਰੂ ਕਰ ਦਿੱਤਾ ਗਿਆ। ਇਸ ਯਹੂਦੀ ਵਿਰੋਧ ਖਿਲਾਫ ਆਈਨਸਟਾਈਨ ਖੁੱਲ੍ਹਕੇ ਜਥੇਬੰਦੀਆਂ ਉਸਾਰਨ ਦੀ ਹਮਾਇਤ ਵਿੱਚ ਆਏ ਜੋ ਇਸ ਜਹਿਰਲੀ ਵਾਅ ਦਾ ਟਾਕਰਾ ਕਰ ਸਕਣ। ਉਹ ਵਿਗਿਆਨਕ ਸੰਮੇਲਨਾਂ ਦੀਆਂ ਸਟੇਜਾਂ ਤੋਂ ਖੁੱਲ੍ਹਕੇ ਇਸ ਫਾਸ਼ਵਾਦੀ ਜਹਿਰ ਦਾ ਵਿਰੋਧ ਕਰਦੇ।

1930ਵਿਆਂ ਦੇ ਸ਼ੁਰੂ ਵਿੱਚ ਜਰਮਨੀ ਵਿੱਚ ਹਿਟਲਰ ਦੀ ਫਾਸ਼ੀਵਾਦੀ ਸੱਤ੍ਹਾ ਸਥਾਪਿਤ ਹੋ ਗਈ ਜਿਸ ਤੋਂ ਬਾਅਦ ਗਲ਼ੀਆਂ ਵਿੱਚ ਮੌਤ ਦਾ ਨੰਗਾ ਨਾਚ ਸ਼ੁਰੂ ਹੋ ਗਿਆ ਤੇ ਕਮਿਊਨਿਸਟ ਕਾਰਕੁਨਾਂ, ਲੋਕ ਪੱਖੀ ਲੇਖਕਾਂ, ਵਿਗਿਆਨੀਆਂ, ਕਲਾਕਾਰਾਂ ਸਭਨਾਂ ਨੂੰ ਹਿਟਲਰ ਦੇ ਫਾਸ਼ੀਵਾਦੀ ਗੁੰਡਿਆਂ ਵੱਲੋਂ ਗ੍ਰਿਫਤਾਰ ਕਰਨਾ ਜਾਂ ਮਾਰਨਾ ਸ਼ੁਰੂ ਕਰ ਦਿੱਤਾ ਗਿਆ। ਇਸੇ ਦੌਰਾਨ ਆਈਨਸਟਾਈਨ ਦੀਆਂ ਲਿਖਤਾਂ ਨੂੰ ਵੀ ਸਾੜਿਆ ਗਿਆ, ਰੋਕਿਆ ਗਿਆ। ਇਸ ਸਮੇਂ ਆਈਨਸਟਾਈਨ ਨੂੰ ਜਰਮਨੀ ਛੱਡਣ ਉੱਤੇ ਮਜਬੂਰ ਹੋਣਾ ਪਿਆ ਤੇ ਅੰਤ 1940 ਵਿੱਚ ਉਹਨਾਂ ਅਮਰੀਕਾ ਦੀ ਨਾਗਰਿਕਤਾ ਲੈ ਲਈ।

ਦੂਜੀ ਸੰਸਾਰ ਜੰਗ ਦੌਰਾਨ ਜਰਮਨੀ ਤੇ ਸਾਮਰਾਜੀ ਅਮਰੀਕਾ ਦਰਮਿਆਨ ਪਰਮਾਣੂ ਬੰਬ ਬਣਾਉਣ ਨੂੰ ਲੈ ਕੇ ਮੁਕਾਬਲਾ ਤਿੱਖਾ ਹੋ ਗਿਆ। ਯੂਰੇਨੀਅਮ ਦੇ ਕੇਂਦਰਕ ਵਿੱਚ ਨਿਊਟ੍ਰੋਨ ਟਕਰਾ ਕੇ ਇਸਨੂੰ ਤੋੜਨ ਦਾ ਫਾਰਮੂਲਾ ਵਰਤਦਿਆਂ ਅਮਰੀਕਾ ਵੱਲੋਂ ਬੰਬ ਬਣਾ ਲਿਆ ਗਿਆ ਤੇ ਉਸਨੇ ਇਹ ਬੰਬ ਹੀਰੋਸ਼ੀਮਾ ਅਤੇ ਨਾਗਾਸਕੀ ਦੇ ਬੇਸਹਾਰਾ ਲੋਕਾਂ ਉੱਪਰ ਸੁੱਟਕੇ ਆਪਣਾ ਵਹਿਸ਼ੀਪੁਣਾ ਜਾਹਿਰ ਕਰ ਦਿੱਤਾ। ਜਦੋਂ ਆਈਨਸਟਾਈਨ ਨੇ ਇਸਦੇ ਖਿਲਾਫ ਫਿਰ ਤੋਂ ਅਵਾਜ ਬੁਲੰਦ ਕੀਤੀ ਤਾਂ ਅਮਰੀਕਾ ਨੇ ਉਸ ਉੱਪਰ ਮੁਕੱਦਮੇ ਲਈ ਐਫ.ਬੀ.ਆਈ ਵੱਲੋਂ ਫਾਇਲ ਤਿਆਰ ਕਰਵਾਈ ਪਰ ਫੇਰ ਵੀ ਆਈਨਸਟਾਈਨ ਆਪਣੇ ਅੰਤ ਤੱਕ ਜੁਲਮ ਦੇ ਵਿਰੁੱਧ ਸਰਗਰਮ ਰਹੇ। ਆਈਨਸਟਾਈਨ ਨੇ ਪਦਾਰਥ ਦੇ ਪੁੰਜ ਨੂੰ ਤੋੜਕੇ ਊਰਜਾ ਵਿੱਚ ਤਬਦੀਲ ਕਰਨ ਦਾ ਸਿਧਾਂਤ ਦਿੱਤਾ ਪਰ ਮਨੁੱਖਦੋਖੀ ਸਰਮਾਏਦਾਰੀ ਪ੍ਰਬੰਧ ਨੇ ਇਸਦੀ ਵਰਤੋਂ ਨਾਲ਼ ਬੰਬ ਬਣਾਕੇ ਲੱਖਾਂ ਨਿਹੱਥੇ ਲੋਕਾਂ ਦਾ ਕਤਲੇਆਮ ਕੀਤਾ ਜਿਸਦਾ ਆਈਨਸਟਾਈਨ ਨੂੰ ਡੂੰਘਾ ਦੁੱਖ ਰਿਹਾ।

ਆਈਨਸਟਾਈਨ ਵੱਲੋਂ ਨਸਲਵਾਦ ਦਾ ਵਿਰੋਧ

ਕਾਲਿਆਂ ਨਾਲ਼ ਹੁੰਦੇ ਧੱਕੇ ਅਤੇ ਬੇਇਨਸਾਫੀ ਦਾ ਵੀ ਆਈਨਸਟਾਈਨ ਨੇ ਡਟਕੇ ਵਿਰੋਧ ਕੀਤਾ। ਅਮਰੀਕਾ ਵਿੱਚ ਅਫਰੀਕੀ ਮੂਲ ਦੇ ਕਾਲੇ ਲੋਕਾਂ ਲਈ ਪੜ੍ਹਾਈ ਅਤੇ ਜਨਤਕ ਸਹੂਲਤਾਂ ਦਾ ਕੋਈ ਪ੍ਰਬੰਧ ਨਹੀਂ ਸੀ ਜਾਂ ਫੇਰ ਉਹਨਾਂ ਨਾਲ਼ ਵਿਤਕਰਾ ਕੀਤਾ ਜਾਂਦਾ ਸੀ। ਸੰਨ 1937 ਵਿੱਚ ਮੇਰੀਅਨ ਐਂਜਰਸਨ ਨਾਮੀ ਗਾਇਕਾ ਵੀ ਪ੍ਰਿੰਸਟਨ ਆਪਣੇ ਸ਼ੋਅ ਦੌਰਾਨ ਨਸਲੀ ਵਿਤਕਰੇ ਦਾ ਸ਼ਿਕਾਰ ਹੋਈ ਅਤੇ ਉਸਨੂੰ ਹੋਟਲ ਵਿੱਚ ਕਮਰਾ ਦੇਣ ਤੋਂ ਮਨ੍ਹਾਂ ਕਰ ਦਿੱਤਾ ਗਿਆ। ਪਰ ਆਈਨਸਟਾਈਨ ਨੇ ਤੁਰੰਤ ਉਹਨੂੰ ਆਪਣੇ ਘਰ ਦਾ ਮਹਿਮਾਨ ਬਣਾਕੇ ਨਸਲਵਾਦ ਵਿਰੋਧੀ ਸੁਨੇਹਾ ਦਿੱਤਾ। ਇਸੇ ਤਰ੍ਹਾਂ ਪੌਲ ਰਾਬਸਨ ਜੋ ਅਫਰੀਕੀ ਮੂਲ ਦੇ ਕਵੀ ਸਨ ਉਹਨਾਂ ਨਾਲ਼ ਵੀ ਆਈਨਸਟਾਈਨ ਦੇ ਸਬੰਧ ਬਹੁਤ ਸੁਹਿਰਦ ਰਹੇ। ਆਈਨਸਟਾਈਨ ਨੂੰ ਜਦੋਂ ਕਦੇ ਵੀ ਮੌਕਾ ਮਿਲ਼ਿਆ ਉਹਨਾਂ ਨੇ ਇਸ ਵਿਤਕਰੇ ਦਾ ਵਿਰੋਧ ਕੀਤਾ। ਇੱਕ ਭਾਸ਼ਣ ਦੌਰਾਨ ਆਈਨਸਟਾਈਨ ਨੇ ਕਿਹਾ, "ਅਮਰੀਕੀਆਂ ਦੀ ਮਨੁੱਖੀ ਆਤਮ ਸਨਮਾਨ ਅਤੇ ਸਮਾਨਤਾ ਦੀ ਸਮਝ ਸਿਰਫ ਗੋਰੀ ਚਮੜੀ ਵਾਲ਼ਿਆਂ ਤੱਕ ਸੀਮਤ ਹੈ। ਮੈਂ ਜਿੰਨਾ ਜਿਆਦਾ ਅਮਰੀਕੀ ਹੋਣ ਬਾਰੇ ਸੋਚਦਾ ਹਾਂ, ਹਾਲਤਾਂ ਮੈਨੂੰ ਓਨੀ ਹੀ ਤਕਲੀਫ ਪਹੁੰਚਾਉਂਦੀਆਂ ਹਨ। ਇਸ ਸਹਿ-ਅਪਰਾਧ ਅਤੇ ਇਸ ਮਾਨਸਿਕ ਗੁੰਝਲ ਤੋਂ ਮੈਂ ਉਦੋਂ ਹੀ ਆਜਾਦ ਹੋ ਸਕਾਂਗਾ ਜਦੋਂ ਮੈਂ ਇਸਦੇ ਖਿਲਾਫ ਅਵਾਜ ਬੁਲੰਦ ਕਰਾਂਗਾ।"

ਆਈਨਸਟਾਈਨ ਦੀ ਲਿਖਤ 'ਸਮਾਜਵਾਦ ਹੀ ਕਿਉਂ'?

ਮਈ 1949 ਵਿੱਚ ਆਈਨਸਟਾਈਨ ਨੇ ਲਿਓ ਹਿਊਬਰਮੈਨ ਅਤੇ ਪੌਲ ਸਵੀਜੀ ਵੱਲੋਂ ਸ਼ੁਰੂ ਕੀਤੇ ਮੈਗਜੀਨ 'ਮੰਥਲੀ ਰਿਵਿਊ' ਲਈ ਲੇਖ ਲਿਖਿਆ ਜਿਸਦਾ ਸਿਰਲੇਖ ਸੀ 'ਸਮਾਜਵਾਦ ਹੀ ਕਿਉਂ?' ਇਸ ਵਿੱਚ ਉਹਨਾਂ ਨੇ ਰਾਜਨੀਤਕ ਤੌਰ 'ਤੇ ਸਮਾਜਵਾਦ ਦਾ ਪੱਖ ਲਿਆ। ਇਸ ਲੇਖ ਵਿੱਚ ਆਈਨਸਟਾਈਨ ਨੇ ਗਰਕ ਰਹੀ ਸਰਮਾਏਦਾਰੀ ਬਾਰੇ ਲਿਖਿਆ, "ਮੇਰੇ ਖਿਆਲ ਨਾਲ਼ ਬੁਰਾਈ ਦਾ ਅਸਲੀ ਸ੍ਰੋਤ ਵਰਤਮਾਨ ਸਰਮਾਏਦਾਰਾ ਸਮਾਜ ਦੀ ਉਹ ਆਰਥਿਕ ਅਰਾਜਕਤਾ ਹੈ ਜੋ ਅੱਜ ਮੌਜੂਦ ਹੈ। ਇਸ ਸਮੇਂ ਪੈਦਾਵਾਰ ਮੁਨਾਫੇ ਲਈ ਹੋ ਰਹੀ ਹੈ ਅਤੇ ਮਜਦੂਰ ਹਮੇਸ਼ਾ ਕੰਮ ਖੁੱਸ ਜਾਣ ਦੇ ਡਰ ਵਿੱਚ ਜਿਉਂਦਾ ਹੈ।" ਲੇਖ ਦੇ ਅੰਤ ਵਿੱਚ ਆਈਨਸਟਾਈਨ ਲਿਖਦੇ ਹਨ, "ਵਿਅਕਤੀਆਂ ਨੂੰ ਇਸ ਪ੍ਰਕਾਰ ਅਪੰਗ ਬਣਾਏ ਜਾਣ ਨੂੰ ਮੈਂ ਸਰਮਾਏਦਾਰੀ ਦਾ ਸਭ ਤੋਂ ਵੱਡਾ ਸਰਾਪ ਮੰਨਦਾ ਹਾਂ। ਸਾਡਾ ਸਾਰਾ ਵਿੱਦਿਅਕ ਢਾਂਚਾ ਇਸ ਸਰਾਪ ਤੋਂ ਪੀੜਤ ਹੈ। ਇਸ ਗੱਲ ਨਾਲ਼ ਮੈਂ ਸਹਿਮਤ ਹਾਂ ਕਿ ਇਹਨਾਂ ਦਿਓਕੱਦ ਬੁਰਾਈਆਂ ਦੇ ਖਾਤਮੇ ਦਾ ਸਿਰਫ ਇੱਕੋ ਰਾਹ ਹੈ, ਕੇਵਲ ਇੱਕ ਸਮਾਜਵਾਦੀ ਅਰਥਚਾਰੇ ਦੀ ਸਥਾਪਨਾ ਰਾਹੀਂ ਹੀ ਅਜਿਹਾ ਕੀਤਾ ਜਾ ਸਕਦਾ ਹੈ।"

ਆਈਨਸਟਾਈਨ ਸਾਰੀ ਉਮਰ ਅੰਧਵਿਸ਼ਵਾਸਾਂ ਅਤੇ ਰੂੜੀਵਾਦੀ ਕਦਰਾਂ ਕੀਮਤਾਂ ਖਿਲਾਫ ਸਰਗਰਮ ਰਹੇ। ਸਾਰਾ ਸੰਸਾਰ ਭਾਵੇਂ ਉਹਨਾਂ ਨੂੰ ਉਹਨਾਂ ਦੇ ਕੁਆਂਟਮ ਮਕੈਨਿਕਸ ਦੇ ਸਿਧਾਂਤ ਕਰਕੇ ਜਾਣਦਾ ਹੈ। ਪਰ ਉਹ ਸਿਆਸੀ ਤੌਰ ਉੱਤੇ ਸਰਮਾਏਦਾਰੀ ਪ੍ਰਬੰਧ ਦੇ ਖਿਲਾਫ ਸਨ ਅਤੇ ਸਮਾਜਵਾਦ ਦੇ ਹਾਮੀ ਸਨ। ਉਹ ਹਮੇਸ਼ਾਂ ਆਮ ਲੋਕਾਈ ਦੇ ਹੱਕਾਂ ਲਈ ਬੋਲਦੇ ਰਹੇ। ਅੱਜ ਸਾਨੂੰ ਵੀ ਉਹਨਾਂ ਤੋਂ ਸਿੱਖਣ ਦੀ ਲੋੜ ਹੈ ਅਤੇ ਆਪਣੇ ਕੁਦਰਤੀ ਵਿਗਿਆਨਾਂ ਦੇ ਅਧਿਐਨ ਦੇ ਨਾਲ਼-ਨਾਲ਼ ਸਮਾਜ ਵਿਗਿਆਨ ਨੂੰ ਵੀ ਸਮਝਣ ਦੀ ਲੋੜ ਹੈ ਅਤੇ ਉਹਨਾਂ ਲੋਕਾਂ ਦੀ ਧਿਰ ਮੱਲਣ ਦੀ ਲੋੜ ਹੈ ਜਿਹਨਾਂ ਦੀ ਮਿਹਨਤ ਸਦਕਾ ਸਾਨੂੰ ਫੈਲੋਸ਼ਿਪਾਂ, ਪ੍ਰਯੋਗਸ਼ਾਲਾਵਾਂ ਅਤੇ ਹੋਰ ਸਹੂਲਤਾਵਾਂ ਮਿਲ਼ੀਆਂ ਹਨ।

● ਯੋਧਾ ਸਿੰਘ

ਵਿਨਸੈਂਟ ਵੈਨ ਗਾਗ ਦਾ ਚਿੱਤਰ 'ਜੁਲਾਹਾ'

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਨੂੰ ਕਈ ਕਾਰਨਾਂ ਕਰਕੇ ਸੰਸਾਰ ਚਿੱਤਰਕਾਰੀ ਦੇ ਇਤਿਹਾਸ ਵਿੱਚ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਸ ਦੌਰ ਵਿੱਚ ਕਲਾ ਅੰਦਰ ਨਾ ਸਿਰਫ 'ਆਧੁਨਿਕਤਾ' ਦਾ ਆਗਮਨ ਹੋਇਆ ਸਗੋਂ ਕਲਾ ਦੇ ਵਿਸ਼ਿਆਂ, ਤਕਨੀਕਾਂ ਅਤੇ ਮਾਧਿਅਮਾਂ ਸਬੰਧੀ ਕਈ ਤਜਰਬਿਆਂ ਦੀ ਸ਼ੁਰੂਆਤ ਵੀ ਹੋਈ। ਕੁੱਝ ਚਿੱਤਰਕਾਰਾਂ ਨੇ ਧਾਰਮਿਕ ਸੰਸਥਾਵਾਂ ਅਤੇ ਜਾਗੀਰਦਾਰਾਂ ਦੀ ਸਰਪ੍ਰਸਤੀ ਹੇਠ ਸਦੀਆਂ ਤੋਂ ਤੁਰੀ ਆ ਰਹੀ ਕਲਾ ਨੂੰ ਚੁਣੌਤੀ ਦਿੰਦਿਆਂ ਚਿੱਤਰਕਾਰੀ ਵਿੱਚ ਰਾਜਿਆਂ, ਰਾਣੀਆਂ ਅਤੇ ਦੇਵੀ-ਦੇਵਤਿਆਂ ਦੀ ਥਾਂ ਆਮ ਲੋਕਾਂ ਲਈ ਜਗ੍ਹਾ ਬਣਾਈ। ਮਹਾਂਨਗਰਾਂ ਵਿੱਚ ਰਹਿਣ ਵਾਲ਼ੇ ਕਲਾ ਪ੍ਰੇਮੀਆਂ ਲਈ, ਇਹਨਾਂ ਪੇਂਟਿੰਗਾਂ ਵਿੱਚ ਸਮਾਜ ਦੇ ਹਾਸ਼ੀਏ 'ਤੇ ਜਿਉਂਦੇ ਲੋਕਾਂ ਨੂੰ ਦੇਖਣਾ ਕਿਸੇ ਡਰਾਉਣੇ ਸੁਪਨੇ ਤੋਂ ਘੱਟ ਨਹੀਂ ਸੀ। 'ਸੁੰਦਰਤਾ' ਦੀਆਂ ਰਵਾਇਤੀ ਧਾਰਨਾਵਾਂ ਨੂੰ ਨਸ਼ਟ ਕਰਦਾ ਇੱਕ ਨਵਾਂ ਸੁਹਜ ਸ਼ਾਸਤਰ ਵਿਕਸਿਤ ਹੋ ਰਿਹਾ ਸੀ ਜਿੱਥੇ ਮਜ਼ਦੂਰਾਂ ਦੇ ਬਦਰੰਗ ਸੰਸਾਰ ਦਾ ਚਿਤਰਣ ਸੀ।


ਜੁਲਾਹਾ 1884, ਵਿਨਸੈਂਟ ਵੈਨ ਗਾਗ

ਕਲਾ ਇਤਿਹਾਸ ਦੇ ਇਸ ਮਹੱਤਵਪੂਰਨ ਮੋੜ 'ਤੇ, ਵੈਨ ਗਾਗ ਨੇ ਆਪਣੀ ਕਲਾ ਵਿੱਚ ਨਿਓਟਿਆਂ ਨੂੰ ਨਾਇਕਾਂ ਦਾ ਸਥਾਨ ਦੇ ਕੇ ਅਮਰ ਕਰ ਦਿੱਤਾ। ਇਹ ਸੱਚ ਹੈ ਕਿ ਵੈਨ ਗਾਗ ਦੀ ਸਰਗਰਮੀ ਸਿਰਫ ਇੱਕ ਦਹਾਕੇ ਤੱਕ ਚੱਲੀ ਅਤੇ ਆਪਣੇ ਜੀਵਨ ਕਾਲ ਦੌਰਾਨ ਇੱਕ ਚਿੱਤਰਕਾਰ ਵਜੋਂ ਉਹ ਉਹ ਮਾਨਤਾ ਹਾਸਲ ਨਹੀਂ ਕਰ ਸਕਿਆ ਜਿਸ ਦਾ ਉਹ ਹੱਕਦਾਰ ਸੀ। ਪਰ ਐਨੇ ਥੋੜ੍ਹੇ ਸਮੇਂ ਵਿੱਚ, ਸਮਾਜ ਵੱਲੋਂ ਪੂਰੀ ਤਰ੍ਹਾਂ ਅਣਗੌਲ਼ਿਆ ਜੀਵਨ ਬਤੀਤ ਕਰਦਿਆਂ ਉਸ ਨੇ ਕਿਸਾਨਾਂ, ਖਾਣ ਮਜ਼ਦੂਰਾਂ ਅਤੇ ਮਜ਼ਦੂਰਾਂ ਦੀਆਂ ਜ਼ਿੰਦਗੀਆਂ ਦੇ ਬੇਰੰਗ ਪਲਾਂ ਨੂੰ ਨਾ ਸਿਰਫ ਵੱਖ-ਵੱਖ ਰੰਗਾਂ ਨਾਲ਼ ਭਰਿਆ ਸਗੋਂ ਉਹਨਾਂ ਨੂੰ ਆਪਣੇ ਕੈਨਵਸ 'ਤੇ ਲਿਆ ਕੇ ਅਮਰ ਕਰ ਦਿੱਤਾ।

37 ਸਾਲਾਂ (1853-1890) ਦੇ ਆਪਣੇ ਸੰਖੇਪ ਜੀਵਨ ਵਿੱਚੋਂ, ਵੈਨ ਗਾਗ ਆਖਰੀ ਦਸ ਸਾਲਾਂ ਵਿੱਚ ਹੀ ਚਿੱਤਰਕਾਰੀ ਕਰ ਸਕੇ। ਇਸ ਥੋੜ੍ਹੇ ਸਮੇਂ ਦਾ ਸ਼ੁਰੂਆਤੀ ਪੜਾਅ ਉਸਨੇ ਨੀਦਰਲੈਂਡਜ਼ ਦੇ ਨੀਊਨੇਨ ਇਲਾਕੇ ਦੇ ਪੇਂਡੂ ਵਾਤਾਵਰਨ ਵਿੱਚ ਨਾ ਸਿਰਫ ਕਿਸਾਨਾਂ ਅਤੇ ਮਜ਼ਦੂਰਾਂ ਨਾਲ਼ ਸਗੋਂ ਜੁਲਾਹਿਆਂ ਨਾਲ਼ ਵੀ ਬਿਤਾਇਆ। ਨੀਊਨੇਨ ਵਿੱਚ ਰਹਿੰਦੇ ਹੋਏ ਵੈਨ ਗਾਗ ਨੇ ਸਥਾਨਕ ਬੁਣਕਰਾਂ ਦੇ ਕੁੱਲ ਸੋਲ੍ਹਾਂ ਚਿੱਤਰ ਬਣਾਏ। 'ਜੁਲਾਹਾ' ਚਿੱਤਰ ਲੜੀ ਦੀ ਇਹ ਤਸਵੀਰ ਸ਼ਾਇਦ ਉਹਨਾਂ ਵਿੱਚੋਂ ਸਭ ਤੋਂ ਵਿਲੱਖਣ ਤਸਵੀਰ ਹੈ।

ਵੈਨ ਗਾਗ ਨੇ ਇੱਕ ਚਿੱਠੀ ਵਿੱਚ ਲਿਖਿਆ ਸੀ ਕਿ ਨਿਊਨੇਨ ਦੇ ਜੁਲਾਹਿਆਂ ਦੇ ਕਮਰੇ ਐਨੇ ਛੋਟੇ ਸਨ ਕਿ ਉੱਥੇ ਬੈਠਣ ਅਤੇ ਰੰਗ ਕਰਨ ਲਈ ਵੀ ਜਗ੍ਹਾ ਨਹੀਂ ਸੀ। ਇਸ ਤਸਵੀਰ ਵਿੱਚ ਅਸੀਂ ਕਮਰਿਆਂ ਦੇ ਆਕਾਰ ਅਤੇ ਉਹਨਾਂ ਅੰਦਰ ਫੈਲੀ ਘੁਟਣ ਨੂੰ ਸਹਿਜੇ ਹੀ ਸਮਝ ਸਕਦੇ ਹਾਂ। ਇੱਥੇ ਹੱਥਖੱਡੀ ਤੇ ਜੁਲਾਹਾ, ਦੋਵੇਂ ਇੱਕ ਦੂਜੇ ਵਿੱਚ ਘੁਲ਼ੇ ਹੋਏ, ਕਿਸੇ ਪੱਥਰ ਨੂੰ ਤਰਾਸ਼ਕੇ ਬਣਾਈ ਖੁਰਦਰੀ ਮੂਰਤੀ ਜਿਹੇ ਜਾਪਦੇ ਹਨ। ਚਿੱਤਰਕਾਰ ਨੇ ਸੀਮਤ ਰੰਗਾਂ ਦੀ ਵਰਤੋਂ ਨਾਲ਼ ਅਜਿਹਾ ਮਾਹੌਲ ਸਿਰਜਿਆ ਹੈ ਕਿ ਜਿੱਥੇ ਦੂਜਿਆਂ ਲਈ ਕੁਝ ਸਮਾਂ ਰੁਕਣਾ ਵੀ ਅਸਹਿ ਹੈ ਓਥੇ ਇਸ ਘੁਟਣ ਭਰੇ ਹਨ੍ਹੇਰੇ ਕਮਰੇ ਵਿੱਚ ਇੱਕ ਜੁਲਾਹਾ ਸਾਰਾ ਦਿਨ ਬੈਠਕੇ ਕੱਪੜੇ ਬੁਣਨ ਲਈ ਮਜਬੂਰ ਹੈ।

ਇਸ ਤਸਵੀਰ ਦੇ ਇੱਕ ਮਹੱਤਵਪੂਰਨ ਹਿੱਸੇ ਵਜੋਂ ਅਸੀਂ ਕਮਰੇ ਦੀ ਪਥਰੀਲੀ ਕੰਧ 'ਤੇ ਉਸ ਬਾਰੀ ਨੂੰ ਦੇਖ ਸਕਦੇ ਹਾਂ, ਜਿਸ ਦੇ ਬਾਹਰ ਨਰਮ ਧੁੱਪ ਵਿੱਚ ਹਵਾ, ਹਰਿਆਲੀ ਤੇ ਖੁੱਲ੍ਹੇ ਅਸਮਾਨ ਹੇਠ ਇੱਕ ਔਰਤ ਖੇਤ ਵਿੱਚ ਕੰਮ ਕਰ ਰਹੀ ਹੈ। ਇਸ ਤਰ੍ਹਾਂ, ਵੈਨ ਗਾਗ ਤਸਵੀਰ ਵਿੱਚ ਦੋ ਵਿਰੋਧੀ ਧਰੁਵਾਂ ਦੀ ਨਿਸ਼ਾਨਦੇਹੀ ਕਰਦਾ ਹੈ ਜੋ ਜੁਲਾਹੇ ਦੀ 'ਹਕੀਕਤ' ਅਤੇ 'ਸੁਪਨੇ' ਦੀ ਨੁਮਾਇੰਦਗੀ ਕਰਦੇ ਜਾਪਦੇ ਹਨ।

ਕੈਨਵਸ 'ਤੇ ਤੇਲ ਨਾਲ਼ ਬਣਿਆ, 26.9 ਗ 36.6 ਇੰਚ ਅਕਾਰ ਦਾ ਇਹ ਚਿੱਤਰ ਇਸ ਵੇਲ਼ੇ ਜਰਮਨੀ ਦੇ ਮੁਨਸ਼ਨ (ਮਿਊਨਿਖ) ਸ਼ਹਿਰ ਸਥਿਤ ਨਿਊ ਪਿਨਾਕੋਥੇਕ ਅਜਾਇਬ ਘਰ ਵਿੱਚ ਨੁਮਾਇਆਂ ਹੈ।

(ਨੋਟ: ਇਹ ਇੱਕ ਰੰਗਦਾਰ ਚਿੱਤਰ ਹੈ, ਜਿਸ ਕਰਕੇ 'ਲਲਕਾਰ' ਉੱਪਰ ਸਹੀ ਤਰ੍ਹਾਂ ਨਹੀਂ ਛਪਿਆ। ਪਾਠਕ ਇੰਟਰਨੈੱਟ ਤੋਂ ਇਹ ਪੂਰਾ ਚਿਤਰ ਦੇਖ ਸਕਦੇ ਹਨ।– ਸੰਪਾਦਕ)

• ਅਸ਼ੋਕ ਭੌਮਿਕ

ਮਨੁੱਖਤਾ ਦਾ ਸਾਹਿਤਕਾਰ ਮੈਕਸਿਮ ਗੋਰਕੀ

(28 ਮਾਰਚ ਜਨਮ ਦਿਹਾੜੇ ਮੌਕੇ)

– ਇਲੀਆ ਅਹਿਰਨਬਰਗ


ਮਨੁੱਖ ਨੂੰ ਇਤਿਹਾਸ ਦੀ ਸੂਝ ਲਾਜ਼ਮੀ ਹੋਣੀ ਚਾਹੀਦੀ ਹੈ। ਚੁੱਪ ਦੀ ਇੱਕ ਘੜੀ ਵਿੱਚ ਪਹਾੜੀ ਦੀ ਟੀਸੀ ਤੋਂ ਤੱਕੇ ਇੱਕ ਦ੍ਰਿਸ਼ ਵਾਂਗ! ਮੈਂ ਜਦੋਂ ਵੀ ਗੋਰਕੀ ਨੂੰ ਮਿਲ਼ਿਆ, ਮੈਨੂੰ ਇਤਿਹਾਸ ਦੀ ਹੋਂਦ ਦਾ ਅਨੁਭਵ ਹੋਇਆ। ਉਹ ਇੱਕ ਸਾਦ-ਮੁਰਾਦਾ, ਦਿਲਚਸਪ ਗੱਲਾਂ ਕਰਨ ਵਾਲ਼ਾ ਆਦਮੀ ਸੀ। ਉਸਦੀ ਹਰ ਵਿਸ਼ੇਸ਼ਤਾ ਇੱਕ ਜਜ਼ਬੇ ਵਿੱਚੋਂ, ਸੰਘਰਸ਼ ਵਿੱਚੋਂ, ਜੀਵਨ ਵਿੱਚੋਂ, ਜਨਮ ਲੈਂਦੀ ਸੀ ਅਤੇ ਉਹ ਸਾਧਾਰਨ ਜਿਹੇ ਕਮਰੇ ਨੂੰ ਇੱਕ ਅਜਿਹਾ ਪਿੜ ਬਣਾ ਦੇਂਦਾ ਸੀ ਜਿੱਥੇ ਸਦੀਆਂ ਗੁੱਥਮ-ਗੁੱਥਾ ਹੋ ਰਹੀਆਂ ਹੁੰਦੀਆਂ।

ਇਹ ਉਹ ਸਮਾਂ ਸੀ ਜਦੋਂ ਸੋਵੀਅਤ ਸਾਹਿਤ ਹਾਲੇ ਆਪਣੇ ਪੈਰਾਂ 'ਤੇ ਖਲੋ ਹੀ ਰਿਹਾ ਸੀ। ਅਸੀਂ ਲਿਖਣ ਤੇ ਪੜ੍ਹਨ ਦੀ ਜਾਂਚ ਸਿੱਖ ਰਹੇ ਸਾਂ। ਅਸੀਂ ਸਮਝਦੇ ਸਾਂ ਕਿ ਮਨੁੱਖਤਾ ਨੇ ਅਲਫ-ਬੇ ਤੋਂ ਹੀ ਆਰੰਭ ਕੀਤਾ ਹੈ। ਗੋਰਕੀ ਸਾਡੇ ਕੋਲ਼ ਮਹਾਨ ਰੂਸੀ ਸਾਹਿਤ ਦੇ ਇੱਕ ਦੂਤ ਵਾਂਗ ਆਇਆ। ਉਹ ਹੱਸ-ਹੱਸ ਗੱਲਾਂ ਕਰਦਾ ਤੇ ਆਪਣੀਆ ਮੁੱਛਾਂ 'ਤੇ ਹੱਥ ਫੇਰਦਾ : ਅਸੀਂ ਬੱਚੇ ਸਾਂ। ਉਸਨੇ ਸਾਨੂੰ ਯਾਦ ਦਵਾਇਆ ਕਿ ਅਸੀਂ ਯਤੀਮ, ਸਾਕ ਸਬੰਧੀਆਂ ਤੋਂ ਵਾਂਝੇ ਹੋਏ ਨਹੀਂ ਸਾਂ। ਉਹਦੇ ਲਈ ਤਾਲਸਤਾਏ ਜਾਂ ਚੈਖਵ ਕਲਾਸਕੀ ਸਾਹਿਤਕਾਰ ਨਹੀਂ ਸਨ ਸਗੋਂ ਸਮਕਾਲੀ ਸਨ, ਜੀਉਂਦੇ ਜਾਗਦੇ ਸਾਥੀ ਸਨ। ਉਹ ਉਹਨਾਂ ਨੂੰ ਮਿਲ਼ਿਆ ਸੀ, ਉਹਨਾਂ ਨਾਲ਼ ਹਾਸਾ-ਠੱਠਾ ਕੀਤਾ ਸੀ। ਉਹ ਉੱਤਰ-ਅਧਿਕਾਰ ਦਾ ਕੌਲ-ਇਕਰਾਰ ਸੀ। ਅਸੀਂ ਜੀਉਂਦੇ ਜਾਗਦੇ ਗੋਰਕੀ ਨੂੰ ਜਾਣਦੇ ਸਾਂ। ਉਹ ਮੁਰਦਿਆਂ ਦਾ ਭਗਤ ਨਹੀਂ ਸੀ। ਉਸ ਨੇ ਸਾਨੂੰ ਕੰਮ ਜਾਰੀ ਰੱਖਣ ਦਾ ਹੀ ਨਹੀਂ ਸਗੋਂ ਨਵੇਂ ਸਿਰਿਉਂ ਸ਼ੁਰੂ ਕਰਨ ਦਾ ਸੱਦਾ ਦਿੱਤਾ। ਉਸਨੂੰ ਆਪਣੇ ਆਰੰਭ ਦਾ – ਸਾਹਿਤਕ ਚਿੱਟ-ਕੱਪੜੀਆਂ, ਅਧੋਗਤੀ ਵੱਲ ਜਾਂਦਿਆਂ ਤੇ ਨਕਲਚੂਆਂ ਦੀ ਅੰਨ੍ਹੀ ਦੁਸ਼ਮਣੀ ਦਾ – ਚੇਤਾ ਸੀ।

ਉਸ ਦੀ ਉੱਚ ਦਰਜੇ ਦੀ ਸਜੀਵਤਾ ਤੇ ਜੀਵਨ ਪ੍ਰਤੀ ਲਗਨ ਅਚੰਭਾਦਾਇਕ ਸੀ। ਸਾਲਾਂ-ਬੱਧੀ ਉਸਨੇ ਮੌਤ ਨਾਲ਼ ਘੋਲ਼ ਕੀਤਾ। ਉਹ ਇੱਕ ਬਲਵਾਨ ਗੱਠਲ ਰੁੱਖ ਵਾਂਗ ਸੀ ਜਿਹੜਾ ਸਭ ਮੁਸ਼ਕਲਾਂ ਦੇ ਬਾਵਜੂਦ ਵਧਿਆ-ਫੁੱਲਿਆ ਹੋਵੇ। ਉਸਨੂੰ ਰੁੱਖਾਂ ਨਾਲ਼ ਪਿਆਰ ਸੀ, ਉਸਨੂੰ ਬੱਚਿਆਂ ਨਾਲ਼ ਪਿਆਰ ਸੀ। ਉਹ ਲੋਕਾਂ ਨੂੰ, ਉਹਨਾਂ ਦੇ ਜਜ਼ਬਿਆਂ ਨੂੰ, ਉਹਨਾਂ ਦੇ ਨਿੱਜੀ ਗੁਣਾਂ-ਔਗੁਣਾਂ ਨੂੰ, ਉਹਨਾਂ ਦੇ ਡੂੰਘੇ ਮੱਤਭੇਦਾਂ ਨੂੰ ਅਤੇ ਲੋਕਾਂ ਨੂੰ ਇੱਕ-ਦੂਜੇ ਦੇ ਨੇੜੇ ਲਿਆਉਣ ਵਾਲ਼ੀ ਚੀਜ਼- ਮਾਨਵ-ਹਿੱਤ – ਨੂੰ ਪਿਆਰ ਕਰਦਾ ਸੀ।

ਉਸ ਨੂੰ ਤਰੱਕੀ ਵਿੱਚ ਬਹੁਤ ਪੱਕਾ, ਆਸ਼ਕਾਂ ਵਾਲ਼ਾ ਵਿਸ਼ਵਾਸ ਸੀ। ਜਦੋਂ ਉਹ ਨਵੀਂ ਕਾਢ ਦੀ ਗੱਲ ਕਰਦਾ ਉਹ ਬੱਚੇ ਵਾਂਗ ਮੁਸਕਰਾਉਂਦਾ। (ਨਿੱਕੇ ਤੇ ਵੱਡੇ ਲਿਖਾਰੀਆਂ ਦੀ ਬਣਾਉਟੀ ਸਿਆਣਪ ਵਾਲ਼ੀ ਨਿਸ਼ਚੇਹੀਨਤਾ ਲਈ ਇਹ ਮਨੁੱਖ, ਜੀਵਨ ਦੀ ਨਿਰਦੈਤਾ ਦਾ ਮਾਰਿਆ ਹੋਇਆ, ਆਪਣੇ ਸੂਝਵਾਨ ਬਚਪਨ ਦੀ ਪਵਿੱਤਰਤਾ ਤੇ ਅਖੰਡਤਾ ਦਾ ਵਿਰੋਧੀ ਸੀ।)

ਇੱਕ ਜਮਾਂਦਰੂ ਕਵੀ ਹੋਣ ਦੇ ਨਾਤੇ ਉਹ ਸਾਡਾ ਉਸਤਾਦ ਬਣਿਆ, ਇਸ ਲਈ ਨਹੀਂ ਕਿ ਉਸਨੂੰ ਝਾੜਨ ਡਾਂਟਣ ਦਾ ਸ਼ੌਕ ਸੀ ਸਗੋਂ ਇਸ ਲਈ ਕਿ ਉਸ ਨੂੰ ਭਵਿੱਖ ਨਾਲ਼ ਪਿਆਰ ਸੀ।•



ਕੁੱਲ ਘਰੇਲੂ ਪੈਦਾਵਾਰ ਦੇ ਨਵੇਂ ਅੰਕੜੇ ਅਤੇ ਜਮੀਨੀ ਹਕੀਕਤਾਂ

ਫਰਵਰੀ ਮਹੀਨੇ ਦੇ ਅੰਤ ’ਤੇ ਯੂਨੀਅਨ ਦੀ ਭਾਜਪਾ ਸਰਕਾਰ ਦੇ ‘ਕੌਮੀ ਅੰਕੜਾ ਦਫਤਰ’ ਵੱਲੋਂ ਭਾਰਤ ਦੀ ‘ਕੁੱਲ ਘਰੇਲੂ ਪੈਦਾਵਾਰ’ ਦੇ ਨਵੇਂ ਅੰਕੜੇ ਜਾਰੀ ਕੀਤੇ ਗਏ। ਇਹਨਾਂ ਅੰਕੜਿਆਂ ਮੁਤਾਬਕ ਅਕਤੂਬਰ-ਦਸੰਬਰ ਤਿਮਾਹੀ ਦੌਰਾਨ ਕੁੱਲ ਘਰੇਲੂ ਪੈਦਾਵਾਰ 8.4 ਫੀਸਦੀ ਦੀ ਦਰ ਨਾਲ਼ ਅੱਗੇ ਵਧੀ ਹੈ ਅਤੇ ਪੂਰੇ 2023-24 ਵਿੱਤੀ ਸਾਲ ਵਿੱਚ ਇਸਦੇ 7.6 ਫੀਸਦੀ ਰਹਿਣ ਦਾ ਅਨੁਮਾਨ ਹੈ। ‘ਭਾਰਤੀ ਰਿਜਰਵ ਬੈਂਕ’ ਦੇ ਗਵਰਨਰ ਦਾ ਕਹਿਣਾ ਹੈ ਕਿ ਇਹ ਅੰਕੜੇ 8 ਫੀਸਦ ਤੱਕ ਵੀ ਪਹੁੰਚ ਸਕਦੇ ਹਨ।2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਹਨਾਂ ਅੰਕੜਿਆਂ ਨੂੰ ਮੋਦੀ ਸਰਕਾਰ ਆਪਣੀ ਪ੍ਰਾਪਤੀ ਵਜੋਂ ਪ੍ਰਚਾਰ ਰਹੀ ਹੈ। ਪਰ ਇਹਨਾਂ ਨਵੇਂ ਅੰਕੜਿਆਂ ਦੇ ਅਜਿਹੇ ਅਹਿਮ ਪੱਖ ਵੀ ਹਨ ਜਿਹਨਾਂ ਨੂੰ ਗੋਦੀ ਮੀਡੀਆ ਵਿੱਚ ਨਹੀਂ ਦਿਖਾਇਆ ਜਾ ਰਿਹਾ। ਅੱਜ ਇਹਨਾਂ ਹੀ ਪੱਖਾਂ ਬਾਰੇ ਗੱਲ ਕਰਾਂਗੇ।

ਪਹਿਲਾ, ‘ਕੁੱਲ ਘਰੇਲੂ ਪੈਦਾਵਾਰ’ ਦੇ ਅੰਕੜਿਆਂ ਨਾਲ਼ ਨਿੱਜੀ ਖਪਤ ਦੇ ਅੰਕੜਿਆਂ ਨੂੰ ਨਹੀਂ ਪ੍ਰਚਾਰਿਆ ਜਾ ਰਿਹਾ ਜਿਹੜੇ ਇਹਨਾਂ ਨਾਲ਼ੋਂ ਭਿੰਨ ਆਏ ਹਨ।ਆਰਥਿਕ ਮਾਹਰਾਂ ਦਾ ਕਹਿਣਾ ਹੈ ਕਿ ਆਮ ਹਾਲਤਾਂ ਵਿੱਚ ‘ਕੁੱਲ ਘਰੇਲੂ ਪੈਦਾਵਾਰ’ ਦੇ ਅੰਕੜੇ ਅਤੇ ਵਸਤੂਆਂ ਅਤੇ ਸੇਵਾਵਾਂ ਦੀ ਖਪਤ ਲੱਗਭੱਗ ਬਰਾਬਰ ਹੀ ਰਹਿੰਦੀ ਹੈ।ਜਾਂ ਉਹ 0.5 ਤੋਂ 1 ਫੀਸਦੀ ਘੱਟ ਹੀ ਹੁੰਦੀ ਹੈ।ਪਰ ਦਸੰਬਰ ਤਿਮਾਹੀ ਦੇ ਅੰਕੜਿਆਂ ਵਿੱਚ ਵਾਧਾ ਦਰ ਅਤੇ ਖਪਤ ਦੀਆਂ ਦਰਾਂ ਵਿੱਚ ਬਹੁਤ ਵੱਡਾ ਫਰਕ ਹੈ।ਆਮ ਪਰਿਵਾਰਾਂ ਦੀ ਖਪਤ ਉੱਥੇ ਹੀ ਖੜ੍ਹੀ ਹੈ।ਪੇਂਡੂ ਖੇਤਰ ਵਿੱਚ ਵੀ ਵਸਤੂਆਂ ਦੀ ਖਪਤ ਵਿੱਚ ਕੋਈ ਵਾਧਾ ਦਰਜ ਨਹੀਂ ਕੀਤਾ ਗਿਆ। ਅਧਿਕਾਰਤ ਅੰਕੜੇ ਕਹਿੰਦੇ ਹਨ ਕਿ ਖਪਤ ਦਰ ਸਿਰਫ 3 ਫੀਸਦੀ ਹੀ ਹੈ। ‘ਕੌਮੀ ਨਮੂਨਾ ਸਰਵੇਖਣ ਦਫਤਰ’ ਨੇ ਵੀ ਵਸਤੂਆਂ ਤੇ ਸੇਵਾਵਾਂ ਦੀ ਖਪਤ ਦੀ ਵਾਧਾ ਦਰ ਨੂੰ 3 ਫੀਸਦੀ ਹੀ ਦੱਸਿਆ ਹੈ। ਇਸ ਦਾ ਮਤਲਬ ਇਹ ਹੈ ਕਿ ਕੁੱਲ ਘਰੇਲੂ ਪੈਦਾਵਾਰ ਦੇ ਵਧਣ ਨਾਲ਼ ਆਮ ਲੋਕਾਂ ਦੀ ਖਪਤ ਉੱਤੇ ਕੋਈ ਬਹੁਤਾ ਅਸਰ ਨਹੀਂ ਪਿਆ ਜਾਣੀ ਕੁੱਲ ਘਰੇਲੂ ਪੈਦਾਵਾਰ ਦੀ ਅਖੌਤੀ ਖੁਸ਼ਹਾਲੀ ਆਮ ਲੋਕਾਂ ਵੱਲੋਂ ਖਰੀਦੀਆਂ ਜਾਂਦੀਆਂ ਵਸਤਾਂ ਦੀ ਵੱਧ ਵਿੱਕਰੀ ਦੇ ਰੂਪ ਵਿੱਚ ਕਿਤੇ ਨਜਰ ਨਹੀਂ ਆ ਰਹੀ, ਹਾਂ ਸਿਖਰਲਾ ਕੁਝ ਫੀਸਦੀ ਤਬਕਾ ਹੈ ਜੋ ਐਸ਼ੋ-ਅਰਾਮ ਦੀਆਂ ਮਹਿੰਗੀਆਂ ਵਸਤਾਂ ਉੱਤੇ ਰੱਜਕੇ ਖਰਚਾ ਕਰ ਰਿਹਾ ਹੈ।

ਦੂਸਰਾ, ਕਈ ਆਰਥਿਕ ਮਾਹਰ ‘ਕੁੱਲ ਘਰੇਲੂ ਪੈਦਾਵਾਰ’ ਤੋਂ ਬਿਨਾਂ ਕੁੱਲ ਕਦਰ ਵਾਧੇ ਨੂੰ ਅਰਥਚਾਰੇ ਦੀ ਹਾਲਤ ਨੂੰ ਮਾਪਣ ਦਾ ਅਹਿਮ ਪੈਮਾਨਾ ਮੰਨਦੇ ਹਨ। ‘ਕੁੱਲ ਕਦਰ ਵਾਧਾ’ ਦੇਸ਼ ਵਿੱਚ ਪੈਦਾ ਹੋਈਆਂ ਕੁੱਲ ਵਸਤੂਆਂ ਅਤੇ ਸੇਵਾਵਾਂ ਨੂੰ ਗਿਣਿਆ ਜਾਂਦਾ ਹੈ ਪਰ ਇਸ ਵਿੱਚੋਂ ਟੈਕਸ ਅਤੇ ਸਬਸਿਡੀਆਂ ਨੂੰ ਮਨਫੀ ਕਰ ਦਿੱਤਾ ਜਾਂਦਾ ਹੈ।ਇਸ ਵਾਰ ਦੋਨਾਂ ਵਿਚਲਾ ਫਰਕ ਪਿਛਲੇ ਦਸਾਂ ਸਾਲਾਂ ਵਿੱਚ ਸਭ ਤੋਂ ਜਿਆਦਾ ਹੈ।ਇਸ ਤਿਮਾਹੀ ਅਸਿੱਧੇ ਕਰਾਂ ਵਿੱਚ (ਜਾਣੀ ਆਮ ਲੋਕਾਂ ਉੱਤੇ ਵਧਦੇ ਟੈਕਸ ਦੇ ਬੋਝ) 32 ਫੀਸਦੀ ਵਾਧਾ ਹੋਣ ਕਰਕੇ ‘ਕੁੱਲ ਘਰੇਲੂ ਪੈਦਾਵਾਰ’ ਤੇ ਕੁੱਲ ਕਦਰ ਵਾਧੇ ਵਿੱਚ ਵੱਡਾ ਫਰਕ ਆਇਆ ਹੈ। ਇਸ ਦਾ ਭਾਵ ਇਹ ਹੈ ਕਿ ਭਾਰਤ ਦੇ ਅਰਥਚਾਰੇ ਦੀ ਰਫਤਾਰ ਸੁਸਤ ਪੈ ਰਹੀ ਹੈ ਪਰ ਸਿੱਧੇ-ਅਸਿੱਧੇ ਟੈਕਸਾਂ ਰਾਹੀਂ ਸਰਕਾਰ ਦੀ ਕਮਾਈ ਵਧ ਗਈ ਹੈ। ਪਿਛਲੇ ਸਮੇਂ ਵਿੱਚ ਵੱਡੇ ਸਰਮਾਏਦਾਰਾਂ ਵੱਲੋਂ ਲਾਗਤ ਖਰਚੇ ਘੱਟ ਹੋਣ ਦੇ ਬਾਵਜੂਦ ਆਪਣੀਆਂ ਜਿਣਸਾਂ ਦੀਆਂ ਕੀਮਤਾਂ ਨਹੀਂ ਘਟਾਈਆਂ ਗਈਆਂ ਜਿਹਨਾਂ ਕਾਰਨ ਉਹਨਾਂ ਨੂੰ ਵਾਫਰ ਮੁਨਾਫੇ ਵੀ ਹੋਏ ਤੇ ਇਸਦਾ ਇੱਕ ਹਿੱਸਾ ਉਹਨਾਂ ਟੈਕਸ ਦੇ ਰੂਪ ਵਿੱਚ ਸਰਕਾਰ ਨੂੰ ਅਦਾ ਕੀਤਾ ਜਿਹੜਾ ‘ਕੁੱਲ ਘਰੇਲੂ ਪੈਦਾਵਾਰ’ ਦੇ ਵਾਧੇ ਵਿੱਚ ਵੀ ਨਜਰ ਆਇਆ ਹੈ। ‘ਸਿੱਧੇ ਟੈਕਸ ਦੇ ਕੇਂਦਰੀ ਬੋਰਡ’ ਮੁਤਾਬਕ ਸਰਕਾਰ ਨੂੰ ਪ੍ਰਾਪਤ ਹੋਣ ਵਾਲ਼ੇ ‘ਸਿੱਧੇ ਕਰਾਂ’ ਵਿੱਚ 20.25 ਫੀਸਦੀ ਦਾ ਵਾਧਾ ਹੋਇਆ ਹੈ ਜਿਸ ਵਿੱਚ ਕਾਰਪੋਰੇਟ ਆਮਦਨ ਕਰ ਅਤੇ ਨਿੱਜੀ ਆਮਦਨ ਕਰ ਦਾ ਕਾਫੀ ਹਿੱਸਾ ਹੈ। ਇਸ ਤਰ੍ਹਾਂ ਵਧੀ ਹੋਈ ਟੈਕਸ ਕਮਾਈ ਵੀ ਇਹਨਾਂ ਅੰਕੜਿਆਂ ਦੇ ਵਾਧੇ ਵਿੱਚ ਨਜਰ ਆਈ ਹੈ।

ਤੀਸਰਾ, ਜੇ ਭਾਰਤੀ ਅਰਥਚਾਰੇ ਦੇ ਬਾਕੀ ਹਿੱਸਿਆਂ ਦੀ ਗੱਲ ਕਰੀਏ ਤਾਂ ਐਥੇ ਵੀ ਬਹੁਤੇ ਉਤਸ਼ਾਹ ਵਾਲ਼ੀ ਗੱਲ ਨਹੀਂ। ਖੇਤੀਬਾੜੀ ਖੇਤਰ ਦੀ ਵਾਧਾ ਦਰ ਇਸ ਤਿਮਾਹੀ ਸਿਰਫ 0.8 ਫੀਸਦੀ ਹੀ ਰਹੀ ਹੈ ਜਿਹੜੀ ਕਿ ਪਿਛਲੇ ਚਾਰ ਸਾਲਾਂ ਦੇ ਹਿਸਾਬ ਨਾਲ਼ ਸਭ ਤੋਂ ਨੀਵੇਂ ਪੱਧਰ ’ਤੇ ਹੈ। ਇਸੇ ਤਰ੍ਹਾਂ ਭਾਰਤ ਦੀਆਂ ਅੱਠ ਬੁਨਿਆਦੀ ਸਨਅਤਾਂ ਦੀ ਰਫਤਾਰ ਵੀ ਬਹੁਤ ਮੱਠੀ ਹੈ ਤੇ ਇਹਨਾਂ ਵਿੱਚ ਵਾਧਾ ਦਰ ਸਿਰਫ 3.6 ਫੀਸਦੀ ਹੈ ਜਾਣੀ ਕੁੱਲ ਘਰੇਲੂ ਪੈਦਾਵਾਰ ਦੀ ਵਾਧਾ ਦਰ ਦਾ ਅੱਧਾ ਹੀ।

ਚੌਥਾ, ਭਾਰਤ ਵਿੱਚ ਕੁੱਲ ਘਰੇਲੂ ਪੈਦਾਵਾਰ ਦੇ ਵਾਧੇ ਪਿੱਛੇ ਅਹਿਮ ਕਾਰਨ ਸਰਕਾਰ ਦੇ ਖਰਚਿਆਂ ਵਿੱਚ ਹੋਇਆ ਵਾਧਾ ਵੀ ਹੈ ਜਿਸਦੀ ਚਰਚਾ ਬਹੁਤ ਹੀ ਘੱਟ ਹੋਈ ਹੈ।ਭਾਰਤ ਸਰਕਾਰ ਨੇ ਸੜਕਾਂ, ਪੁਲਾਂ ਅਤੇ ਬੰਦਰਗਾਹਾਂ ਉੱਤੇ ਜਾਣੀ ਕਿ ਬੁਨਿਆਦੀ ਆਲ ਜੰਜਾਲ ਉੱਤੇ ਵੱਡੇ ਪੱਧਰ ’ਤੇ ਖਰਚਾ ਕੀਤਾ ਹੈ।ਭਾਰਤ ਸਰਕਾਰ ਦਾ ਪੂੰਜੀ ਖਰਚ 2019-20 ਵਿੱਚ 12.5 ਫੀਸਦੀ ਤੋਂ ਲੈ ਕੇ 2024-28 ਵਿੱਚ 23.3 ਫੀਸਦੀ ਹੋ ਗਿਆ ਹੈ। ਪੂੰਜੀ ਖਰਚ 2014-15 ਦੇ ਮੁਕਾਬਲੇ 2023-24 ਵਿੱਚ 4.5 ਗੁਣਾ ਵਧਿਆ ਹੈ। ਜਦਕਿ ਇਸਦੇ ਉਲਟ ਨਿੱਜੀ ਖੇਤਰ ਵਿੱਚ ਨਵੇਂ ਨਿਵੇਸ਼ ਲਈ ਉਤਸ਼ਾਹ ਮੱਠਾ ਹੈ।ਜਾਣੀ ਮੋਦੀ ਸਰਕਾਰ ਸਰਕਾਰੀ ਖਰਚੇ ਰਾਹੀਂ ਅਰਥਚਾਰੇ ਨੂੰ ਠੁੰਮਣਾ ਦੇਣ ਦੀ ਜੀਅਤੋੜ ਕੋਸ਼ਿਸ਼ ਕਰ ਰਹੀ ਹੈ ਪਰ ਇਸਦਾ ਦੂਜਾ ਅਸਰ ਦੇਸ਼ ਉੱਪਰ ਲਗਾਤਾਰ ਕਰਜੇ ਦੇ ਵਧਣ ਵਿੱਚ ਦਿਸ ਰਿਹਾ ਹੈ। 2014 ਵਿੱਚ ਭਾਰਤ ਸਿਰ ਕਰਜਾ ਕੁੱਲ ਘਰੇਲੂ ਪੈਦਾਵਾਰ ਦਾ 67 ਫੀਸਦੀ ਸੀ ਜੋ ਦਸਾਂ ਸਾਲਾਂ ਵਿੱਚ ਵਧਕੇ ਹੁਣ ਲੱਗਭੱਗ 90 ਫੀਸਦੀ ਹੋ ਚੁੱਕਾ ਹੈ ਤੇ ਆਉਣ ਵਾਲ਼ੇ ਥੋੜ੍ਹੇ ਸਮੇਂ ਵਿੱਚ ਇਸ ਦੇ 100 ਫੀਸਦੀ ਹੋਣ ਦੀ ਉਮੀਦ ਹੈ। ਆਰਥਿਕ ਮਾਹਿਰਾਂ ਮੁਤਾਬਕ ਕਿਸੇ ਵੀ ਦੇਸ਼ ਦਾ ਕਰਜਾ ਉਸਦੇ ਕੁੱਲ ਘਰੇਲੂ ਪੈਦਾਵਾਰ ਦੇ 60 ਫੀਸਦੀ ਤੋਂ ਵੱਧ ਨਹੀਂ ਹੋਣਾ ਚਾਹੀਦਾ। ਜਾਣੀ ਭਾਰਤ ਸਿਰ ਕਰਜਾ ਖਤਰੇ ਦੇ ਘੇਰੇ ਵਿੱਚ ਆ ਚੁੱਕਾ ਹੈ। ਪਰ ਭਾਰਤ ਸਰਕਾਰ ਹੁਣ ਇਸਦਾ ਤੋੜਾ ਵੀ ਆਮ ਲੋਕਾਂ ਸਿਰ ਭੰਨਣ ਦੀ ਤਿਆਰੀ ਕਰ ਰਹੀ ਹੈ। ਕਰਜਾ ਘਟਾਉਣ ਦੇ ਨਾਂ ਉੱਤੇ ਮੋਦੀ ਹਕੂਮਤ ਸਰਕਾਰੀ ਖਰਚੇ ਵਿੱਚ, ਆਮ ਲੋਕਾਂ ਨੂੰ ਮਿਲ਼ਦੀਆਂ ਸਬਸਿਡੀਆਂ ਜਾਂ ਹੋਰ ਸਰਕਾਰੀ ਸਹੂਲਤਾਂ ਵਿੱਚ ਹੋਰ ਵੱਡੇ ਕੱਟ ਲਾਵੇਗੀ। ਪਰ ਦੂਜੇ ਪਾਸੇ ਕਰੋਨਾ ਲੌਕਡਾਊਨ ਤੋਂ ਬਾਅਦ ਮਨਮੂੰਹੀਂ ਵਧੇ ਵੱਡੇ ਸਰਮਾਏਦਾਰਾਂ ਦੇ ਮੁਨਾਫਿਆਂ ਉੱਪਰ ਕੋਈ ਟੈਕਸ ਨਹੀਂ ਵਧਾਇਆ ਜਾਵੇਗਾ ਤੇ ਨਾ ਹੀ ਕੋਈ ਨਵਾਂ ਟੈਕਸ ਲਾਇਆ ਜਾਵੇਗਾ।ਇਸ ਨਾਲ਼ ਆਮ ਲੋਕਾਂ ਦੀਆਂ ਮੁਸ਼ਕਲਾਂ ਹੋਰ ਵਧਣਗੀਆਂ।ਹੁਣ ਵੀ ਕੁੱਲ ਘਰੇਲੂ ਪੈਦਾਵਾਰ ਵਧਣ ਦਾ ਜਥੇਬੰਦ ਤੇ ਖਾਸਕਰ ਗੈਰ-ਜਥੇਬੰਦ ਖੇਤਰ ਦੇ ਕਾਮਿਆਂ ਨੂੰ ਖਾਸ ਫਾਇਦਾ ਨਹੀਂ ਹੋਇਆ ਤੇ ਮਹਿੰਗਾਈ ਅੱਗੇ ਇਹਨਾਂ ਦੀਆਂ ਉਜਰਤਾਂ ਤਾਂ ਸਗੋਂ ਖੜ੍ਹੋਤ ਮਾਰੀਆਂ ਹੀ ਹਨ।

ਪੰਜਵਾਂ, ਇਸ ਵੇਲੇ ਸੰਸਾਰ ਸਰਮਾਏਦਾਰਾ ਪ੍ਰਬੰਧ ਦੇ ਕਈ ਵੱਡੇ ਦੇਸ਼ ਆਰਥਿਕ ਸੁਸਤੀ ਦਾ ਸਾਹਮਣਾ ਕਰ ਰਹੇ ਹਨ।ਜਪਾਨ ਅਤੇ ਯੂ.ਕੇ ਵਰਗੇ ਦੇਸ਼ ਆਰਥਿਕ ਮੰਦੀ ਦਾ ਸਾਹਮਣਾ ਕਰ ਰਹੇ ਹਨ। ਇਹਨਾਂ ਦੇਸ਼ਾਂ ਦੇ ਅਰਥਚਾਰੇ ਵਿੱਚ ਪਿਛਲੇ ਛੇ ਮਹੀਨਿਆਂ ਦੌਰਾਨ ਨਕਾਰਾਤਮਕ ਵਿਕਾਸ ਦਰ ਦਰਜ ਕੀਤਾ ਗਿਆ ਹੈ। ਇਸ ਤੋਂ ਬਿਨਾਂ ਜਰਮਨੀ, ਨੀਦਰਲੈਂਡ ਵਰਗੇ ਅਰਥਚਾਰਿਆਂ ਦੀ ਰਫਤਾਰ ਵੀ ਕਾਫੀ ਸੁਸਤ ਪੈ ਗਈ ਹੈ। ਇਹ ਉਹ ਦੇਸ਼ ਹਨ ਜਿਨ੍ਹਾਂ ਨੂੰ ਭਾਰਤ ਤੋਂ ਵੱਡੀ ਪੱਧਰ ’ਤੇ ਵਸਤੂਆਂ ਤੇ ਸੇਵਾਵਾਂ ਦੀ ਬਰਾਮਦ ਹੁੰਦੀ ਹੈ। ਜੇਕਰ ਇਹਨਾਂ ਦੇਸ਼ਾਂ ਦੇ ਇਹੀ ਹਲਾਤ ਰਹਿੰਦੇ ਹਨ ਜਾਂ ਬਦਤਰ ਹੁੰਦੇ ਹਨ ਤਾਂ ਭਾਰਤ ਦੀਆਂ ਬਰਾਮਦਾਂ ’ਤੇ ਇਹਨਾਂ ਤੋਂ ਹੋਣ ਵਾਲ਼ੀ ਕਮਾਈ ਘਟਣੀ ਤੈਅ ਹੈ।

ਉਪਰੋਕਤ ਚਰਚਾ ਦਾ ਭਾਵ ਹੈ ਕਿ ਕੁੱਲ ਘਰੇਲੂ ਪੈਦਾਵਾਰ ਦੇ ਅੰਕੜਿਆਂ ਦਾ ਇੱਕ ਪੱਖ ਦਿਖਾਕੇ ਟਾਹਰਾਂ ਮਾਰ ਰਹੀ ਮੋਦੀ ਹਕੂਮਤ ਇਸਦੇ ਦੂਜੇ ਪੱਖ ਨਹੀਂ ਦਿਖਾ ਰਹੀ।ਅੰਕੜਿਆਂ ਦਾ ਦੂਜਾ ਪੱਖ ਤੇ ਹੋਰ ਅੰਕੜੇ ਭਾਰਤੀ ਅਰਥਚਾਰੇ ਸਾਹਵੇਂ ਖੜ੍ਹੀਆਂ ਚੁਣੌਤੀਆਂ ਵੱਲ ਇਸ਼ਾਰਾ ਕਰ ਰਹੇ ਹਨ। ਭਾਰਤ ਸਰਕਾਰ ਸਿਰ ਵਧਦਾ ਕਰਜਾ ਭਾਰਤੀ ਹਾਕਮਾਂ ਲਈ ਗੰਭੀਰ ਚਿੰਤਾ ਦਾ ਸਬੱਬ ਬਣਿਆ ਹੋਇਆ ਹੈ। ਜਿਸ ਕਰਜੇ ਰਾਹੀਂ ਭਾਰਤ ਦੇ ਹਾਕਮਾਂ ਨੇ ਪਿਛਲੇ ਸਾਲਾਂ ਵਿੱਚ ਅਰਥਚਾਰੇ ਨੂੰ ਧੱਕਾ ਲਾਇਆ ਹੁਣ ਉਹ ਕਰਜਾ ਵੱਡਾ ਬੁਲਬੁਲਾ ਬਣਦਾ ਜਾ ਰਿਹਾ ਹੈ ਜਿਹੜਾ ਕਦੀ ਵੀ ਫਟ ਸਕਦਾ ਹੈ। ਤੇ ਕਰਜੇ ਦੇ ਇਸ ਵਿਸ਼ਾਲ ਬੁਲਬੁਲੇ ਦੇ ਫਟਣ ਦਾ ਨਤੀਜਾ ਭਾਰਤੀ ਅਰਥਚਾਰੇ ਨੂੰ ਗੰਭੀਰ ਸੰਕਟ ਵਿੱਚ ਲਿਜਾ ਸਕਦਾ ਹੈ ਜਿਸਦਾ ਸਿੱਧਾ ਅਸਰ ਭਾਰਤ ਦੇ ਕਿਰਤੀ ਲੋਕਾਂ ਉੱਤੇ ਸਭ ਤੋਂ ਪਹਿਲਾਂ ਪੈਣਾ ਹੈ। ਇਸ ਸਥਿਤੀ ਤੋਂ ਪੈਦਾ ਹੋਣ ਵਾਲ਼ੀ ਆਮ ਲੋਕਾਂ ਦੀ ਬੇਚੈਨੀ ਨੂੰ ਲੋਟੂ ਹਾਕਮ ਭਲੀ-ਭਾਂਤੀ ਸਮਝਦੇ ਹਨ, ਇਸੇ ਲਈ ਲਗਾਤਾਰ ਇੱਕ ਤੋਂ ਬਾਅਦ ਇੱਕ ਲੋਕ ਵਿਰੋਧੀ ਕਨੂੰਨ ਪਾਸ ਕਰਦੇ ਜਾ ਰਹੇ ਹਨ ਤੇ ਲੋਕਾਂ ਨੂੰ ਦਬਾਉਣ ਦੇ ਸੱਤ੍ਹਾ ਦੇ ਦੰਦ ਤਿੱਖੇ ਕਰਦੇ ਜਾ ਰਹੇ ਹਨ। ਇਸ ਲਈ ਅੱਜ ਅੰਕੜਿਆਂ ਦੀ ਸਰਕਾਰੀ ਲੱਫਾਜੀ ਤੋਂ ਨਿੱਕਲਕੇ ਭਾਰਤੀ ਅਰਥਚਾਰੇ ਦੀ ਅਸਲ ਹਾਲਤ ਨੂੰ ਸਮਝਣ ਦੀ ਲੋੜ ਹੈ ਤੇ ਨਵੀਆਂ ਪੈਦਾ ਹੋਣ ਵਾਲੀਆਂ ਚੁਣੌਤੀਆਂ ਸਨਮੁੱਖ ਖੁਦ ਨੂੰ ਕਮਰ ਕਸਣ ਦੀ ਲੋੜ ਹੈ।

• ਗੁਰਮਨ

ਪੰਧ ਲੰਮੇਰਾ ਮੰਜਿਲ ਦਾ

ਜੇ ਅਣਖਾਂ ਨਾਲ ਜਿਉਣਾ ਚਾਹੁੰਨਾ
ਤਾਂ ਸੁਣ ਓਏ ਧਰਤ ਦਿਆ ਲੋਕਾ,
ਤਾਣ ਕੇ ਸੀਨਾ ਮੁੱਕਾ ਵੱਟ ਕੇ
ਜਗ ਵਿੱਚ ਦੇ ਦੇ ਹੋਕਾ
ਭਗਤ ਸਰਾਭਿਆਂ ਦੇ ਰਾਹਾਂ ਵੱਲ
ਆਖਰ ਮੁੜਨਾ ਪੈਂਦਾ ਹੈ
ਇਹ ਪੰਧ ਲੰਮੇਰਾ ਮੰਜਿਲ ਦਾ
ਕੰਡਿਆਂ ’ਤੇ ਤੁਰਨਾ ਪੈਂਦਾ ਹੈ

ਪੈਸੇ ਦੇ ਰੌਲੇ ਰੱਪੇ ਵਿੱਚ
ਕੋਈ ਆਪਣੀ ਹੋਂਦ ਪਹਿਚਾਣ ਲਵੇ
ਰਹਿਮਾਂ ਦੇ ਉੱਤੇ ਰਹਿੰਦਾ ਕੋਈ
ਜਿੰਦਗੀ ਦੇ ਮਾਅਨੇ ਜਾਣ ਲਵੇ
ਸੋਚਾਂ ਵਿੱਚ ਕਾਹਲੇ ਕਦਮਾਂ ਨੂੰ
ਅਮਲਾਂ ਨਾਲ਼ ਜੁੜਨਾ ਪੈਂਦਾ ਹੈ
ਇਹ ਪੰਧ ਲੰਮੇਰਾ ਮੰਜਿਲ ਦਾ
ਕੰਡਿਆਂ ’ਤੇ ਤੁਰਨਾ ਪੈਂਦਾ ਹੈ

ਕਿਤੇ ਟੋਏ ਨੇ ਕਿਤੇ ਟਿੱਬੇ ਨੇ
ਕਿਤੇ ਤੁਰਨਾ ਹੈ ਕਿਤੇ ਰਿੜਨਾ ਹੈ
ਕਿਤੇ ਖੁਸ਼ੀਆਂ ਨੇ ਕਿਤੇ ਖਾਰਾਂ ਨੇ
ਛਿੱਟਿਆਂ ਨੂੰ ਦਾਣੇ ਦੇਵਣ ਲਈ
ਬੀਜਾਂ ਜਿਉਂ ਗਲਣਾ ਪੈਂਦਾ ਹੈ
ਇਹ ਪੰਧ ਲੰਮੇਰਾ ਮੰਜਿਲ ਦਾ
ਕੰਡਿਆਂ ’ਤੇ ਤੁਰਨਾ ਪੈਂਦਾ ਹੈ

ਕਿਤੇ ਹੱਥਕੜੀਆਂ ਕਿਤੇ ਜੇਲ੍ਹਾਂ ਨੇ
ਕਿਤੇ ਦੱਦਾਹੂਰ ਕਿਤੇ ਰਾਏਪੁਰ ਹੈ
ਕਿਤੇ ਫਾਂਸੀ ਹੈ ਕਿਤੇ ਗੋਲੀ ਹੈ
ਕਿਤੇ ਗੁਰੂਸਰ ਹੈ ਕਿਤੇ ਰਾਏਸਰ ਹੈ
ਯਾਰਾਂ ਦੇ ਵਿਹੜੇ ਪਹੁੰਚਣ ਲਈ
ਸਤਲੁਜ ਵਿੱਚ ਰਿੜਨਾ ਪੈਂਦਾ ਹੈ
ਇਹ ਪੰਧ ਲੰਮੇਰਾ ਮੰਜਿਲ ਦਾ
ਕੰਡਿਆਂ ’ਤੇ ਤੁਰਨਾ ਪੈਂਦਾ ਹੈ

ਇਸ ਰਾਹ ਬਥੇਰੇ ਤੁਰਦੇ ਨੇ
ਕਈ ਤੁਰ ਜਾਂਦੇ ਕਈ ਮੁੜ ਜਾਂਦੇ
ਕਈ ਤਾਰੇ ਬਣਕੇ ਚਮਕ ਪਏ
ਕਈ ਬਰਫ ਦੇ ਵਾਂਗੂੰ ਖੁਰ ਜਾਂਦੇ
ਹੰਸਾਂ ਨਾਲ ਉੱਡਦੇ ਕਾਗਾਂ ਨੂੰ
ਰਾਹਾਂ ਵਿੱਚੋਂ ਮੁੜਨਾ ਪੈਂਦਾ ਹੈ

• ਮਾਸਟਰ ਬਾਰੂ ਸਤਬਰਗ

ਭਾਰਤੀ ਉਪ-ਮਹਾਦੀਪ ਵਿੱਚ ਦਾਰਸ਼ਨਿਕ ਚਿੰਤਨ ਦੀ ਰਵਾਇਤ -29

(ਲੜੀ ਜੋੜਨ ਲਈ ਦੇਖੋ : 'ਲਲਕਾਰ' ਅੰਕ-1, 16-29 ਫਰਵਰੀ 2024)

(ਨੋਟ : "ਭਾਰਤੀ ਉਪ-ਮਹਾਂਦੀਪ ਵਿੱਚ ਦਾਰਸ਼ਨਿਕ ਚਿੰਤਨ" ਲੜੀ ਤਹਿਤ ਛਪ ਰਹੇ ਲੇਖਾਂ ਵਿੱਚ 'ਲਲਕਾਰ' 1-15 ਮਾਰਚ ਅੰਕ ਵਿੱਚ ਲੜੀ-29 ਤਹਿਤ ਛਪਿਆ ਅੰਕ ਦਰਅਸਲ ਲੜੀ ਦਾ 30ਵਾਂ ਲੇਖ ਹੈ। ਉਸ ਲੇਖ ਨੂੰ ਲੜੀ-30 ਪੜ੍ਹਿਆ ਜਾਵੇ ਅਤੇ ਰਹਿੰਦਾ 29ਵਾਂ ਲੇਖ ਅਸੀਂ ਇਸ ਵਾਰ ਦੇ ਅੰਕ ਵਿੱਚ ਦੇ ਰਹੇ ਹਾਂ। -ਸੰਪਾਦਕ)

ਪੁਰਾਤਨ ਦਾਰਸ਼ਨਿਕ ਰਵਾਇਤ ਦੀ ਗੱਲ ਕਰਦਿਆਂ ਇੱਕ ਗੱਲ ਤਾਂ ਸਪੱਸ਼ਟ ਹੈ ਕਿ ਹਾਕਮ ਜਮਾਤਾਂ ਦੇ ਵਿਚਾਰਧਾਰਕ ਹਥਿਆਰ, ਵਿਚਾਰਵਾਦੀ ਦਰਸ਼ਨ ਸਾਹਮਣੇ, ਪਦਾਰਥਵਾਦੀ ਦਰਸ਼ਨ ਨੇ ਜਬਰਦਸਤ ਚੁਣੌਤੀ ਪੇਸ਼ ਕੀਤੀ। ਜਿੱਥੇ ਇੱਕ ਪਾਸੇ ਲੋਕਾਇਤ ਦਰਸ਼ਨ ਨੇ ਪੂਰੀ ਸਪੱਸ਼ਟਤਾ ਅਤੇ ਦ੍ਰਿੜ੍ਹਤਾ ਨਾਲ਼ ਪਦਾਰਥਵਾਦੀ ਪੈਂਤੜੇ ਤੋਂ ਵਿਚਾਰਵਾਦ 'ਤੇ ਹਮਲਾ ਕੀਤਾ ਉੱਥੇ ਦੂਜੇ ਪਾਸੇ ਤਰਕਸ਼ਾਸਤਰ ਅਤੇ ਪਰਮਾਣੂਵਾਦ ਦੇ ਸਿਧਾਂਤਕਾਰ ਹੋਰ ਲੋਕ ਵੀ ਸਨ, ਜਿਹੜੇ ਗੋਲ਼ ਮੋਲ਼ ਢੰਗ ਨਾਲ਼ ਗੱਲ ਕਰਦੇ ਸਨ। ਇੱਥੋਂ ਤੱਕ ਕਿ ਇਹਨਾਂ ਵਿੱਚੋਂ ਕਈਆਂ ਨੇ ਆਪਣੇ ਆਪ ਨੂੰ ਸਪੱਸ਼ਟ ਪਦਾਰਥਵਾਦੀ, ਲੋਕਾਇਤ ਦਰਸ਼ਨ ਤੋਂ ਵੱਖ ਰੱਖਿਆ। ਹੋ ਸਕਦਾ ਹੈ ਕਿ ਹਾਕਮਾਂ ਦੇ ਜਬਰ ਦਾ ਭੈਅ ਉਹਨਾਂ ਦੇ ਗੋਲਮੋਲ ਰਵਈਏ ਦਾ ਕਾਰਨ ਹੋਵੇ। ਦਾਰਸ਼ਨਿਕਾਂ ਦਾ ਜਮਾਤੀ ਪੈਂਤੜਾ ਵੀ ਉਹਨਾਂ ਦੀ ਕਮਜੋਰੀ ਦਾ ਕਾਰਨ ਹੋ ਸਕਦਾ ਹੈ। ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਇਤਿਹਾਸਕ ਹਾਲਤਾਂ ਦੀ ਸੀਮਾ ਵੀ ਮਨੁੱਖ ਦੀ ਬੌਧਿਕ ਉਡਾਰੀ ਨੂੰ ਸੀਮਤ ਕਰ ਸਕਦੀ ਹੈ। ਇਸ ਦੇ ਬਾਵਜੂਦ ਨਿਆਏ ਵੈਸ਼ੇਸ਼ਕ ਦਰਸ਼ਨ ਦੇ ਪਰਮਾਣੂਵਾਦ ਨੇ ਵਿਚਾਰਵਾਦੀ ਦਰਸ਼ਨ ਪ੍ਰਤੀ ਪੱਖ ਦੀ ਭੂਮਿਕਾ ਨਿਭਾਉਂਦੇ ਹੋਏ, ਪਦਾਰਥਵਾਦੀ ਦਰਸ਼ਨ ਦੇ ਖੇਤਰ ਵਿੱਚ ਇੱਕ ਵੱਡਾ ਯੋਗਦਾਨ ਦਿੱਤਾ। ਇਸੇ ਤਰ੍ਹਾਂ ਹੀ ਸਾਰੀਆਂ ਦਾਰਸ਼ਨਿਕ ਧਾਰਾਵਾਂ ਜਿਨ੍ਹਾਂ ਨੇ ਵਿਚਾਰਵਾਦੀ ਦਾਰਸ਼ਨਿਕ ਧਾਰਨਾਵਾਂ ਨੂੰ ਆਪਣਾ ਪ੍ਰਤੀ ਪੱਖ ਐਲਾਨਿਆ, ਪਦਾਰਥਵਾਦੀ ਦਰਸ਼ਨ ਦੇ ਖੇਮੇ ਵਿੱਚ ਆਉਂਦੀਆਂ ਹਨ। ਹਾਕਮ ਜਮਾਤਾਂ ਅਤੇ ਧਰਮ ਅਧਿਕਾਰੀਆਂ ਦੇ ਗੱਠਜੋੜ ਨੇ ਯੂਰੋਪ ਵਿੱਚ ਵੀ ਸੁਤੰਤਰ ਚਿੰਤਨ ਅਤੇ ਗਿਆਨ ਵਿਗਿਆਨ ਦੇ ਖੇਤਰ ਵਿੱਚ ਬੇਹੱਦ ਜਬਰ ਢਾਇਆ ਸੀ। ਪਰ ਫਿਰ ਵੀ ਭਾਰਤੀ ਉਪ-ਮਹਾਂਦੀਪ ਸਮੇਤ ਸੰਸਾਰ ਦੇ ਹਰੇਕ ਹਿੱਸੇ ਵਿੱਚ ਗੁਲਾਮਦਾਰੀ ਅਤੇ ਜਗੀਰਦਾਰੀ ਦੇ ਜਾਬਰ ਕਾਲ਼ੇ ਦੌਰ ਵਿੱਚ ਵੀ, ਕਿਰਤੀ ਲੋਕਾਂ ਦੀ ਧਿਰ ਮੱਲਣ ਵਾਲ਼ੇ, ਮਨੁੱਖਤਾ ਦੇ ਆਸ਼ਕ ਬੁੱਧੀਜੀਵੀਆਂ, ਦਾਰਸ਼ਨਿਕਾਂ ਅਤੇ ਵਿਗਿਆਨੀਆਂ ਨੇ ਸੱਚ ਦੀ ਮਸ਼ਾਲ ਬੁਝਣ ਨਹੀਂ ਦਿੱਤੀ। ਬਰਾਬਰੀ ਵਾਲ਼ੇ ਆਦਮ ਕਬਾਇਲੀ ਸਮਾਜ ਤੋਂ ਬਾਅਦ ਦੇ ਪੁਰਾਤਨ ਦੌਰ ਦੇ ਕਨੂੰਨਦਾਨ ਹਰ ਕੀਮਤ 'ਤੇ ਬਹੁ ਗਿਣਤੀ ਕਿਰਤੀ ਅਬਾਦੀ ਦੀ ਲੁੱਟ 'ਤੇ ਟਿਕੇ ਜਮਾਤੀ ਪ੍ਰਬੰਧ ਨੂੰ ਸੁਰੱਖਿਤ ਰੱਖਣਾ ਚਾਹੁੰਦੇ ਸਨ। ਹਰ ਯੁੱਗ ਵਿੱਚ ਸੁਤੰਤਰ ਚਿੰਤਨ ਤੋਂ ਲੁਟੇਰੇ ਹਾਕਮ ਤ੍ਰਹਿੰਦੇ ਰਹੇ ਹਨ। ਬਰਾਬਰੀ ਵਾਲ਼ੇ ਆਦਮ ਸਾਮਵਾਦੀ ਕਬਾਇਲੀ ਪ੍ਰਬੰਧ ਦੇ ਖੰਡਰਾਂ 'ਤੇ ਜਮਾਤੀ ਸਮਾਜ ਹੋਂਦ ਵਿੱਚ ਆਉਂਦਾ ਹੈ। ਸਾਡੇ ਇੱਥੇ ਬ੍ਰਾਹਮਣਵਾਦੀ ਪ੍ਰਬੰਧ ਹੋਂਦ ਵਿੱਚ ਆਉਂਦਾ ਹੈ ਜੋ ਲੁੱਟੀ ਜਾਣ ਵਾਲ਼ੀ ਕਿਰਤੀ ਅਬਾਦੀ ਦੇ ਗੁੱਸੇ ਤੋਂ ਹਾਕਮ ਜਮਾਤਾਂ ਦੀ ਸੁਰੱਖਿਆ ਲਈ ਧਰਮ ਦਾ ਸਹਾਰਾ ਲੈਂਦਾ ਹੈ। ਸਮਾਂ ਪਾ ਕੇ ਇਕੱਲੇ ਧਾਰਮਿਕ ਵਿਸ਼ਵਾਸ ਕਾਫੀ ਨਹੀਂ ਰਹਿੰਦੇ। ਸਿਰਫ ਤਾਕਤ ਨਾਲ਼ ਵੀ ਬਹੁ ਗਿਣਤੀ ਅਬਾਦੀ ਨੂੰ ਦਬਾਇਆ ਨਹੀਂ ਜਾ ਸਕਦਾ। ਵਿਚਾਰਵਾਦੀ ਦਾਰਸ਼ਨਿਕ, ਹਾਕਮ ਜਮਾਤਾਂ ਦੀ ਹਮਾਇਤ ਵਿੱਚ ਆਉਂਦੇ ਹਨ। ਉਪਨਿਸ਼ਦਾਂ ਦਾ ਵਿਚਾਰਵਾਦ ਸੱਭਿਅਤਾ ਦੇ ਉਸ ਮੁਢਲੇ ਦੌਰ ਵਿੱਚ ਹਾਕਮ ਜਮਾਤਾਂ ਦਾ ਵਿਚਾਰਧਾਰਕ ਹਥਿਆਰ ਬਣਦਾ ਹੈ, ਭਾਵੇਂ ਕਿ ਬ੍ਰਾਹਮਣ ਗ੍ਰੰਥ ਵਿਚਾਰਵਾਦ ਦੀ ਮੁਢਲੀ ਰੂਪ ਰੇਖਾ ਤਿਆਰ ਕਰ ਚੁੱਕੇ ਸਨ। ਪਰ ਉਸ ਯੁਗ ਦੇ ਪਦਾਰਥਵਾਦੀ ਚਿੰਤਕਾਂ ਵੱਲੋਂ ਇਹਨਾਂ ਨੂੰ ਗੰਭੀਰ ਚੁਣੌਤੀ ਦਾ ਸਾਹਮਣਾ ਕਰਨਾ ਪਿਆ। ਵਿਚਾਰਕ ਖੇਤਰ ਵਿੱਚ ਇਹੋ ਜਿਹੀਆਂ ਟੱਕਰਾਂ, ਸਮਾਜ ਵਿੱਚ ਚੱਲ ਰਹੇ ਜਮਾਤੀ ਸੰਘਰਸ਼ ਦਾ ਹੀ ਪ੍ਰਗਟਾਵਾ ਹੁੰਦੀਆਂ ਹਨ। ਰਾਜ ਦੀ ਉਤਪਤੀ ਦੇ ਨਾਲ਼ ਹੀ ਕਨੂੰਨਦਾਨ ਸਾਹਮਣੇ ਆਉਂਦੇ ਹਨ ਜਿਨ੍ਹਾਂ ਦੇ ਬਣਾਏ ਕਨੂੰਨ ਮੰਨੂ ਸਿਮਰਤੀ, ਨਾਰਦ ਸਿਮ੍ਰਤੀ ਆਦਿ ਵਿੱਚ ਦਰਜ ਮਿਲ਼ਦੇ ਹਨ। ਸਿਮਰਤੀਆਂ, ਪੁਰਾਤਨ ਵਿਧੀ ਵਿਧਾਨ ਦੀਆਂ ਰਚਨਾਵਾਂ ਸਨ। ਇਸ ਤਰ੍ਹਾਂ ਕਨੂੰਨ ਜਾਂ ਵਿਧੀ ਸ਼ਾਸਤਰਾਂ ਦੇ ਲੇਖਕਾਂ, ਧਰਮ ਅਧਿਕਾਰੀਆਂ ਅਤੇ ਵਿਚਾਰਵਾਦੀ ਦਾਰਸ਼ਨਿਕਾਂ ਦਾ ਗਠਜੋੜ ਸਾਹਮਣੇ ਆਉਂਦਾ ਹੈ, ਜੋ ਵੇਲ਼ੇ ਦੇ ਹਾਕਮਾਂ ਦੀ ਸੇਵਾ ਕਰਦੇ ਹੋਏ ਹਰ ਤਰ੍ਹਾਂ ਦੇ ਸੁਤੰਤਰ ਵਿਚਾਰਾਂ ਨੂੰ ਦਬਾਉਂਦਾ ਹੈ। ਧਰਮ ਸ਼ਾਸਤਰੀਆਂ ਨੇ ਪੂਰੇ ਪ੍ਰਬੰਧ ਨੂੰ ਵਰਣ ਵਿਵਸਥਾ ਦੇ ਰੂਪ ਵਿੱਚ ਪੇਸ਼ ਕੀਤਾ। ਸ਼ੁਰੂ ਵਿੱਚ ਇਹ ਵੰਡ, ਕਿਰਤ ਦੀ ਵੰਡ ਦੇ ਰੂਪ ਵਿੱਚ ਪੈਦਾ ਹੋਈ। ਪਰ ਬਾਅਦ ਵਿੱਚ ਇਸਨੇ ਕਿਰਤੀ ਲੋਕਾਂ ਨੂੰ ਲੁੱਟਣ ਦਾ ਅਧਾਰ ਤਿਆਰ ਕਰ ਦਿੱਤਾ। ਸਮਾਜ ਦੋ ਵੱਡੇ ਹਿੱਸਿਆਂ ਵਿੱਚ ਵੰਡਿਆ ਗਿਆ, ਲੁਟੇਰੇ ਅਤੇ ਲੁੱਟੇ ਜਾਣ ਵਾਲ਼ਿਆਂ ਵਿੱਚ। ਦਵਿੱਜ ਅਤੇ ਸ਼ੂਦਰਾਂ ਵਿੱਚ। ਦਵਿੱਜ ਦਾ ਮਤਲਬ ਹੈ ਦੋ ਵਾਰ ਜਨਮ ਲੈਣ ਵਾਲ਼ਾ ਅਤੇ ਸ਼ੂਦਰ ਇੱਕ ਵਾਰ ਜੰਮਣ ਵਾਲ਼ਾ ਹੀ ਮੰਨਿਆ ਗਿਆ। ਬ੍ਰਾਹਮਣ, ਛੱਤਰੀ ਅਤੇ ਵੈਸ਼ ਦੀਖਿਆ ਮਿਲ਼ਣ ਵੇਲੇ ਦੂਜੀ ਵਾਰ ਜੰਮੇ ਮੰਨੇ ਜਾਂਦੇ ਸਨ। ਸ਼ੂਦਰਾਂ ਨੂੰ ਦੀਖਿਆ ਦਾ ਹੱਕ ਨਹੀਂ ਸੀ। ਮਨੂ ਕਹਿੰਦੇ ਹਨ, "ਬ੍ਰਾਹਮਣ, ਛੱਤਰੀ ਅਤੇ ਵੈਸ਼ ਦਿਵਜਾਤ ਹਨ ਪਰ ਸ਼ੂਦਰ ਇੱਕ ਹੀ ਵਾਰ ਜਨਮ ਲੈਂਦਾ ਹੈ। ਪੰਜਵਾਂ ਵਰਣ ਨਹੀਂ ਹੈ।" ਵਰਣ ਆਸ਼ਰਮ ਵਿਵਸਥਾ ਵਿੱਚ, ਪ੍ਰੋਹਤ, ਛੱਤਰੀ, ਭੂਮੀਪਤੀ ਅਤੇ ਵਪਾਰੀ ਦਵਿੱਜ ਸਮਝੇ ਜਾਂਦੇ ਸਨ। ਕੰਮ ਕਰਨ ਵਾਲ਼ੇ ਮਜਦੂਰ, ਕਿਸਾਨ ਅਤੇ ਦਸਤਕਾਰ ਸ਼ੂਦਰ ਮੰਨੇ ਜਾਂਦੇ ਸਨ। ਨੀਤੀ ਸ਼ਾਸਤਰੀਆਂ ਨੇ ਕਨੂੰਨ ਬਣਾ ਕੇ ਦਵਿੱਜਾਂ ਲਈ ਸਰੀਰਕ ਕੰਮ ਕਰਨੇ ਵਰਜਿਤ ਕਰ ਦਿੱਤੇ ਸਨ। ਹਰ ਤਰ੍ਹਾਂ ਦੀ ਮਿਹਨਤ ਵਾਲ਼ਾ ਕੰਮ ਕਰਨ ਵਾਲ਼ੇ ਸ਼ੂਦਰਾਂ ਲਈ ਇਹ ਕਨੂੰਨ ਬਣਾਇਆ ਗਿਆ ਕਿ ਉਹਨਾਂ ਦਾ ਧਰਮ ਦਵਿੱਜਾਂ ਦੀ ਸੇਵਾ ਕਰਨਾ ਹੈ, ਬਿਨਾਂ ਕਿਸੇ ਸੇਵਾ ਫਲ ਦੀ ਆਸ ਦੇ। ਇਸ ਲੇਖ ਵਿੱਚ ਦਿੱਤੇ ਜਾਣ ਵਾਲ਼ੇ ਹਵਾਲ਼ੇ ਡੀਪੀ ਚਟੋਪਾਧਿਆਏ ਦੀ ਕਿਤਾਬ 'ਭਾਰਤੀ ਦਰਸ਼ਨ ਵਿੱਚ ਕੀ ਜੀਵੰਤ ਹੈ ਅਤੇ ਕੀ ਮ੍ਰਿਤ' ਵਿੱਚੋਂ ਹਨ। ਮਨੂ ਕਹਿੰਦਾ ਹੈ–

"ਰੱਬ ਨੇ ਸ਼ੂਦਰਾਂ ਲਈ ਕੇਵਲ ਇੱਕ ਹੀ ਜੀਵਿਕਾ ਤੈਅ ਕੀਤੀ ਹੈ ਕਿ ਉਹ ਨਿਮਰਤਾ ਪੂਰਵਕ ਬਾਕੀ ਤਿੰਨਾਂ ਵਰਣਾਂ ਦੀ ਸੇਵਾ ਵਿੱਚ ਲੱਗੇ ਰਹਿਣ।"

"ਸ਼ੂਦਰ ਨੂੰ ਦਾਸਾਂ ਵਾਲ਼ੇ ਕੰਮ ਲਈ ਮਜਬੂਰ ਕੀਤਾ ਜਾ ਸਕਦਾ ਹੈ, ਭਾਵੇਂ ਕਿ ਉਹ ਕਰੀਤ (ਮੁੱਲ ਲਿਆ ਗਿਆ) ਹੋਵੇ ਜਾਂ ਅਕਰੀਤ (ਮੁੱਲ ਨਾ ਲਿਆ ਗਿਆ) ਕਿਉਂਕਿ ਬ੍ਰਹਮਾ ਨੇ ਉਸਨੂੰ ਬ੍ਰਾਹਮਣ ਦੇ ਦਾਸ ਦੇ ਰੂਪ ਵਿੱਚ ਪੈਦਾ ਕੀਤਾ ਹੈ। ਜਿਸ ਸ਼ੂਦਰ ਨੂੰ ਮਾਲਕ ਨੇ ਮੁਕਤ ਕਰ ਦਿੱਤਾ ਹੋਵੇ, ਉਸ ਨੂੰ ਵੀ ਦਾਸਤਾ ਤੋਂ ਛੁਟਕਾਰਾ ਨਹੀਂ ਮਿਲ਼ ਸਕਦਾ; ਜੋ ਜਨਮ ਤੋਂ ਹੀ ਦਾਸ ਹੋਵੇ, ਉਸਨੂੰ ਭਲਾ ਕੌਣ ਮੁਕਤ ਕਰ ਸਕਦਾ ਹੈ ?"

"ਸ਼ੂਦਰ ਨੂੰ ਕਿਸੇ ਵੀ ਹਾਲਤ ਵਿੱਚ ਧਨ ਜਮਾ ਨਹੀਂ ਕਰਨ ਦਿੱਤਾ ਜਾਣਾ ਚਾਹੀਦਾ, ਬੇਸ਼ੱਕ ਉਹ ਇਹ ਕਰਨ ਦੇ ਸਮਰੱਥ ਹੋਵੇ, ਕਿਉਂਕਿ ਧਨ ਜਮਾ ਕਰਨ ਵਾਲ਼ਾ ਸ਼ੂਦਰ ਬ੍ਰਾਹਮਣਾਂ ਨੂੰ ਦੁੱਖ ਪਹੁੰਚਾਉਂਦਾ ਹੈ।"

"ਪਰ ਜੇ ਕੋਈ ਸ਼ੂਦਰ ਦਵਿੱਜਾਂ ਦੀ ਸੇਵਾ ਕਰਨ ਦਾ ਮੌਕਾ ਹਾਸਲ ਨਾ ਕਰ ਸਕੇ ਅਤੇ ਭੁੱਖ ਦੇ ਨਾਲ਼ ਆਪਣੇ ਪੁੱਤਰਾਂ ਅਤੇ ਪਤਨੀ ਨੂੰ ਗਵਾ ਲੈਣ ਦਾ ਡਰ ਹੋਵੇ ਤਾਂ ਉਹ ਦਸਤਕਾਰੀ ਵਿੱਚ ਲੱਗ ਕੇ ਆਪਣਾ ਪਾਲਣ ਪੋਸ਼ਣ ਕਰ ਸਕਦਾ ਹੈ। ਉਸ ਨੂੰ ਐਸੇ ਮਕਾਨਕੀ ਧੰਦੇ ਅਤੇ ਦਸਤਕਾਰੀ ਦੇ ਵੱਖ-ਵੱਖ ਕੰਮਾਂ ਨੂੰ ਅਪਣਾਉਣਾ ਚਾਹੀਦਾ ਹੈ, ਜਿਹਨਾਂ ਨੂੰ ਅਪਣਾਉਣ ਨਾਲ਼ ਦਵਿੱਜਾਂ ਦੀ ਸ੍ਰੇਸ਼ਟ ਸੇਵਾ ਹੋ ਸਕੇ।"

"ਸ਼ੂਦਰ ਦੀਆਂ ਸੇਵਾਵਾਂ ਦੇ ਬਦਲੇ ਵਿੱਚ ਉਸ ਨੂੰ ਖਾਣ ਲਈ ਸਿਰਫ ਜੂਠ ਜਾਂ ਚੋਕਰ ਦਿੱਤਾ ਜਾਣਾ ਚਾਹੀਦਾ ਹੈ, ਪਹਿਨਣ ਲਈ ਕੇਵਲ ਚੀਥੜੇ ਅਤੇ ਸੌਣ ਲਈ ਵੱਧ ਤੋਂ ਵੱਧ ਪਾਟਾ ਪੁਰਾਣਾ ਕੱਪੜਾ ਦਿੱਤਾ ਜਾਣਾ ਚਾਹੀਦਾ ਹੈ।"

ਸ਼ੂਦਰਾਂ ਦੇ ਸਬੰਧ ਵਿੱਚ ਇੱਕ ਹੋਰ ਕਨੂੰਨਦਾਨ ਗੌਤਮ ਲਿਖਦਾ ਹੈ, "ਉਸ ਨੂੰ ਸੱਚਾ, ਨਿਮਰ ਅਤੇ ਕਲੰਕ ਰਹਿਤ ਹੋਣਾ ਚਾਹੀਦਾ ਹੈ। ਉਸ ਨੂੰ ਉੱਚੇ ਵਰਣਾਂ ਦੀ ਸੇਵਾ ਕਰਨੀ ਚਾਹੀਦੀ ਹੈ। ਆਪਣਾ ਗੁਜਾਰਾ ਉਹਨਾਂ ਦੀ ਕਿਰਪਾ ਮੁਤਾਬਿਕ ਕਰਨਾ ਚਾਹੀਦਾ ਹੈ। ਉਹ ਉਹਨਾਂ ਵੱਲੋਂ ਤਿਆਗੀਆਂ ਗਈਆਂ ਜੁੱਤੀਆਂ, ਛਤਰੀਆਂ, ਕੱਪੜੇ ਅਤੇ ਚਟਾਈਆਂ ਦੀ ਵਰਤੋਂ ਕਰੇਗਾ। ਉਹਨਾਂ ਦੀ ਜੂਠ ਖਾਏਗਾ ਅਤੇ ਦਸਤਕਾਰੀ ਦਾ ਧੰਦਾ ਅਪਣਾ ਕੇ ਜੀਵਨ ਗੁਜਾਰੇਗਾ। "ਸ਼ੂਦਰ ਦੇ ਸੱਭਿਆਚਾਰਕ ਅਤੇ ਬੌਧਿਕ ਰੁਤਬੇ ਬਾਰੇ ਗੌਤਮ ਲਿਖਦੇ ਹਨ, "ਹੁਣ, ਜੇ ਉਹ ਜਾਣ ਬੁੱਝ ਕੇ ਵੇਦ ਪਾਠ ਸੁਣਦਾ ਹੈ, ਤਾਂ ਉਸ ਦੇ ਕੰਨਾਂ ਨੂੰ ਪਿਘਲੇ ਹੋਏ ਸ਼ੀਸ਼ੇ ਨਾਲ਼ ਜਾਂ ਲਾਖ ਨਾਲ਼ ਭਰ ਦਿੱਤਾ ਜਾਏਗਾ। ਜੇ ਫਿਰ ਵੀ ਵੈਦਿਕ ਮੰਤਰਾਂ ਦਾ ਪਾਠ ਕਰਦਾ ਹੈ, ਤਾਂ ਉਸ ਦੀ ਜੀਭ ਕੱਟ ਦਿੱਤੀ ਜਾਏਗੀ। ਜੇ ਉਹ ਇਹਨਾਂ ਮੰਤਰਾਂ ਨੂੰ ਯਾਦ ਕਰ ਲੈਂਦਾ ਹੈ, ਉਸ ਦੇ ਸਰੀਰ ਨੂੰ ਵਿਚਕਾਰੋਂ ਚੀਰ ਦਿੱਤਾ ਜਾਏਗਾ। ਜੇ ਉਹ ਬੈਠਣ, ਸੌਣ, ਗੱਲਬਾਤ ਕਰਨ ਜਾਂ ਸੜਕ 'ਤੇ ਟਹਿਲਣ ਵਿੱਚ ਦਵਿੱਜਾਂ ਦੀ ਬਰਾਬਰੀ ਕਰਦਾ ਹੈ, ਤਾਂ ਉਸਨੂੰ ਸਰੀਰਕ ਦੰਡ ਦਿੱਤਾ ਜਾਵੇਗਾ।"

ਇਹ ਹੈ ਸਾਡੀ ਅਖੌਤੀ ਮਹਾਨ ਸੱਭਿਅਤਾ ਦਾ ਨਕਸ਼ਾ। ਗੱਲ ਨੂੰ ਸਪੱਸ਼ਟ ਕਰਨ ਲਈ ਇਹ ਲੰਬਾ ਹਵਾਲ਼ਾ ਦੇਣਾ ਪਿਆ ਹੈ। ਇਸ ਤਰ੍ਹਾਂ ਦੇ ਜਾਬਰ ਪ੍ਰਬੰਧ ਦੇ ਵਿਰੁੱਧ ਉੱਠਣ ਵਾਲ਼ੀਆਂ ਬਗਾਵਤਾਂ ਦਾ ਮੁਕਾਬਲਾ ਕਰਨ ਲਈ, ਹਾਕਮਾਂ ਅਤੇ ਧਰਮ ਅਧਿਕਾਰੀਆਂ ਦੇ ਗੱਠਜੋੜ ਵੱਲੋਂ ਹਰ ਤਰ੍ਹਾਂ ਦੇ ਸੁਤੰਤਰ ਵਿਚਾਰਾਂ ਨੂੰ ਦਬਾਉਣਾ ਉਹਨਾਂ ਦੀ ਅਣਸਰਦੀ ਲੋੜ ਸੀ। ਇਸ ਦੇ ਬਾਵਜੂਦ ਪਦਾਰਥਵਾਦੀ ਦਾਰਸ਼ਨਿਕਾਂ ਨੇ, ਧਰਮ ਦੀ ਅਧੀਨਗੀ ਮੰਨਕੇ ਹਾਕਮਾਂ ਦੀ ਸੇਵਾ ਕਰਨ ਵਾਲ਼ੇ, ਵਿਚਾਰਵਾਦੀ ਦਰਸ਼ਨ ਨਾਲ਼, ਸਖਤ ਟੱਕਰ ਲਈ। ਲੋਕਾਇਤ ਦਾਰਸ਼ਨਿਕਾਂ ਨੇ ਜਿੱਥੇ ਸਿੱਧੀ ਟੱਕਰ ਲਈ, ਬਾਅਦ ਵਾਲ਼ੇ ਪਦਾਰਥਵਾਦੀ ਦਾਰਸ਼ਨਿਕਾਂ ਨੇ, ਇਸ ਹਕੀਕੀ ਸੰਸਾਰ ਅਤੇ ਪਦਾਰਥ ਦੀ ਹੋਂਦ ਨੂੰ ਨਕਾਰਨ ਵਾਲ਼ੀਆਂ ਧਾਰਨਾਵਾਂ ਦਾ ਖੰਡਨ ਕਰਕੇ, ਹਾਕਮ ਜਮਾਤਾਂ ਦੇ ਵਿਚਾਰਧਾਰਕ ਗਲਬੇ ਨੂੰ ਚੁਣੌਤੀ ਦਿੱਤੀ। ਉਸ ਦੌਰ ਦੇ ਜਮਾਤੀ ਸੰਘਰਸ਼ ਨੂੰ ਸਮਝਣ ਲਈ, ਹਾਕਮ ਜਮਾਤਾਂ ਦੇ ਚਾਕਰਾਂ ਦੀਆਂ ਲਿਖਤਾਂ ਹੀ ਵੱਡਾ ਸਬੂਤ ਹਨ। ਕਿਰਤੀ ਅਬਾਦੀ ਵਿਰੁੱਧ ਸਖਤ ਧਾਰਮਿਕ ਬੰਦਸ਼ਾਂ ਅਤੇ ਵਿਚਾਰਧਾਰਕ ਵਿਰੋਧੀਆਂ ਖਿਲਾਫ ਸਖਤ ਕਨੂੰਨ ਬਣਾਉਣ ਤੋਂ ਪਤਾ ਲੱਗਦਾ ਹੈ ਕਿ ਹਾਕਮ ਜਮਾਤਾਂ ਨੂੰ ਕਿੰਨੇ ਵੱਡੇ ਵਿਰੋਧ ਦਾ ਸਾਹਮਣਾ ਸੀ। ਹਾਕਮ ਗਠਜੋੜ ਆਪਣੇ ਸਾਹਿਤ ਵਿੱਚ, ਆਪਣੀ ਲੁੱਟ ਅਤੇ ਦੋਗਲੇਪਣ ਨੂੰ ਵੀ ਨਹੀਂ ਲੁਕਾਅ ਸਕਿਆ। ਪੁਰਾਤਨ ਸਮੇਂ ਦਾ ਹਾਕਮ ਜਮਾਤਾਂ ਦਾ ਵੱਡਾ ਬੁਲਾਰਾ, ਅਰਥ ਸਾਸ਼ਤਰ ਦਾ ਲੇਖਕ ਕੌਟੱਲਿਆ ਆਪਣੀਆਂ ਰਚਨਾਵਾਂ ਵਿੱਚ ਰਾਜਕੁਮਾਰਾਂ ਦੀ ਸਿੱਖਿਆ ਸਬੰਧੀ ਸਿਫਾਰਸ਼ ਕਰਦਾ ਹੈ ਕਿ ਉਨਾਂ ਨੂੰ ਆਨਵੀਖਕੀ ਜਾਂ ਦਰਸ਼ਨ ਸ਼ਾਸਤਰ ਦੇ ਮਾਹਰ ਹੋਣਾ ਚਾਹੀਦਾ ਹੈ ਅਤੇ ਹਰ ਤਰ੍ਹਾਂ ਦੇ ਅੰਧ ਵਿਸ਼ਵਾਸਾਂ ਤੋਂ ਮੁਕਤ ਹੋਣਾ ਚਾਹੀਦਾ ਹੈ। ਉਹ ਲੋਕਾਇਤ, ਸਾਂਖ ਅਤੇ ਯੋਗ ਦਰਸ਼ਨ ਦੇ ਅਧਿਐਨ ਦੀ ਸਿਫਾਰਸ਼ ਕਰਦਾ ਹੈ। ਪਰਮਾਣੂਵਾਦੀ ਦਰਸ਼ਨ ਨਿਆਏ ਵੈਸ਼ੇਸ਼ਕ ਲਈ ਉਹ ਯੋਗ ਦਰਸ਼ਨ ਸ਼ਬਦ ਵਰਤਦਾ ਹੈ। ਸਾਡੇ ਪਾਠਕ ਜਾਣਦੇ ਹਨ ਕਿ ਇਹ ਤਿੰਨੋਂ ਦਰਸ਼ਨ ਪਦਾਰਥਵਾਦੀ ਦਰਸ਼ਨ ਹਨ। ਪਰ ਦੂਜੇ ਪਾਸੇ ਉਹ ਕਿਰਤੀ ਅਬਾਦੀ ਵਿੱਚ ਅੰਧ ਵਿਸ਼ਵਾਸ਼ਾਂ ਦੇ ਪ੍ਰਚਾਰ ਦੀ ਸਿਫਾਰਿਸ਼ ਕਰਦਾ ਹੈ ਅਤੇ ਸੁਤੰਤਰ ਵਿਚਾਰਕਾਂ ਜਿਹਨਾਂ ਨੂੰ ਉਹ 'ਸ਼ੱਕ ਕਰਨ ਵਾਲ਼ੇ' ਕਹਿੰਦਾ ਹੈ, ਉਹਨਾਂ ਦੇ ਖਿਲਾਫ ਸਪੱਸ਼ਟ ਫਤਵਾ ਦਿੰਦਾ ਹੈ। ਕੌਟੱਲਿਆ ਦੇ ਹਵਾਲ਼ੇ ਨਾਲ਼ ਡੀਪੀ ਚਟੋਪਾਧਿਆਏ ਲਿਖਦੇ ਹਨ, "ਸ਼ੰਕਾ ਕਰਨ ਵਾਲ਼ਿਆਂ ਨੂੰ ਜਹਿਰ ਪਿਆ ਦਿੱਤਾ ਜਾ ਸਕਦਾ ਹੈ ਜਾਂ ਉਸ ਦੇ ਸਰੀਰ ਉੱਤੇ ਜਹਿਰੀਲਾ ਪਾਣੀ ਛਿੜਕਿਆ ਜਾ ਸਕਦਾ ਹੈ ਤਾਂਕਿ ਉਹ ਬੇਹੋਸ਼ ਹੋ ਜਾਏ, ਇਹ ਪ੍ਰਚਾਰ ਕਰ ਸਕਦੇ ਹਨ ਕਿ ਇਸ 'ਤੇ ਦੇਵਤੇ ਦੀ ਕਰੋਪੀ ਸੀ, ਇਸ ਲਈ ਉਸ ਦੀ ਇਹ ਹਾਲਤ ਹੋਈ ਹੈ। ਇਸ ਤਰ੍ਹਾਂ ਸੂਹੀਏ ਇਹੋ ਜਿਹੀਆਂ ਹਾਲਤਾਂ ਪੈਦਾ ਕਰ ਸਕਦੇ ਹਨ, ਜਿਸ ਵਿੱਚ ਰੱਬ ਦੇ ਨਿੰਦਕ ਨੂੰ ਕਾਲ਼ਾ ਨਾਗ ਡੰਗ ਲਵੇ ਅਤੇ ਇਸ ਨੂੰ ਰੱਬ ਦੀ ਕਰੋਪੀ ਦੱਸਿਆ ਜਾ ਸਕਦਾ ਹੈ। ਇਸ ਤੋਂ ਬਿਨਾਂ ਐਸੀਆਂ ਮਾੜੀਆਂ ਘਟਨਾਵਾਂ ਰੋਕਣ ਦੇ ਬਹਾਨੇ ਰਾਜਕੋਸ਼ ਦੇ ਵਾਧੇ ਲਈ ਧਨ ਇਕੱਠਾ ਕੀਤਾ ਜਾ ਸਕਦਾ ਹੈ। ਸਾਫ ਹੈ ਕਿ ਅਗਲੇ ਪੰਨੇ 'ਤੇ ਜਾਰੀ

ਚੀਨ ਦੇ ਪੇਂਡੂ ਖੇਤਰਾਂ ਵਿੱਚ ਸਿੱਖਿਆ ਵਿੱਚ ਇਨਕਲਾਬ 'ਚ ਸ਼ਾਨਦਾਰ ਪ੍ਰਾਪਤੀਆਂ

- 18 ਜੂਨ 1976

ਸਮਾਜਵਾਦੀ ਚੀਨ ਦੇ ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ (1966-1976) ਦੇ ਤਜ਼ਰਬਿਆਂ ਦਾ ਮਕਸਦ ਮਨੁੱਖੀ ਜੀਵਨ ਦੇ ਇਹਨਾਂ ਖੇਤਰਾਂ ਨੂੰ ਨਵੀਆਂ ਲੀਹਾਂ ਉੱਪਰ ਮੁੜ ਜਥੇਬੰਦ ਕਰਕੇ ਇਹਨਾਂ ਨੂੰ ਚੰਗੇਰੇ ਮਨੁੱਖੀ ਵਿਕਾਸ ਦੇ ਸਹਾਈ ਬਣਾਉਣਾ ਸੀ। ਅਸੀਂ ਪਾਠਕਾਂ ਨੂੰ ਇਹਨਾਂ ਤਜ਼ਰਬਿਆਂ ਨਾਲ਼ ਜਾਣੂ ਕਰਵਾਉਣ ਦੇ ਮਕਸਦ ਨਾਲ਼ ਉਸ ਦੌਰ ਦੀਆਂ ਕੁੱਝ ਚੋਣਵੀਆਂ ਲਿਖਤਾਂ ਦੇ ਅਨੁਵਾਦ 'ਲਲਕਾਰ' 'ਚ ਛਾਪਣੇ ਸ਼ੁਰੂ ਕੀਤੇ ਹਨ। ਕਲਾ ਸਾਹਿਤ ਦੇ ਵਿਸ਼ੇ ਨਾਲ਼ ਸਬੰਧਤ 11 ਲੇਖ ਛਾਪ ਚੁੱਕੇ ਹਾਂ। 1-15 ਜਨਵਰੀ ਅੰਕ ਤੋਂ ਅਸੀਂ ਸਿੱਖਿਆ ਦੇ ਵਿਸ਼ੇ ਨਾਲ਼ ਸਬੰਧਤ ਲੇਖਾਂ ਦੀ ਲੜੀ ਸ਼ੁਰੂ ਕੀਤੀ ਹੈ, ਹਥਲਾ ਲੇਖ ਇਸੇ ਲੜੀ ਦਾ 14'ਵਾਂ ਲੇਖ ਹੈ - ਸੰਪਾਦਕ

ਸਿੱਖਿਆ ਵਿੱਚ ਇਨਕਲਾਬ ਨੇ ਚੀਨ ਦੇ ਪੇਂਡੂ ਖੇਤਰਾਂ ਵਿੱਚ ਸਮਾਜਵਾਦੀ ਵਿੱਦਿਅਕ ਅਦਾਰਿਆਂ ਦੇ ਵਿਕਾਸ ਨੂੰ ਤੇਜ ਕੀਤਾ ਹੈ। ਸਰਵਵਿਆਪੀ ਪੰਜ-ਸਾਲਾ ਪ੍ਰਾਇਮਰੀ ਸਕੂਲ ਸਿੱਖਿਆ ਨੂੰ ਮੁੱਖ ਤੌਰ 'ਤੇ ਸਾਰੇ ਦੇਸ਼ ਵਿੱਚ ਲਾਗੂ ਕੀਤਾ ਗਿਆ ਹੈ; ਸੱਤ ਸਾਲਾ ਵਿੱਦਿਅਕ ਪ੍ਰਣਾਲੀ (ਜੂਨੀਅਰ ਮਿਡਲ ਸਕੂਲ ਸਮੇਤ) ਬਹੁਤ ਸਾਰੀਆਂ ਥਾਵਾਂ 'ਤੇ ਲਾਗੂ ਕੀਤੀ ਗਈ ਹੈ ਅਤੇ ਨੌਂ ਸਾਲਾ ਪ੍ਰਣਾਲੀ (ਸੀਨੀਅਰ ਮਿਡਲ ਸਕੂਲ ਸਮੇਤ) ਕੁਝ ਇਲਾਕਿਆਂ ਵਿੱਚ। ਇਹ ਮਹਾਨ ਸੱਭਿਆਚਾਰਕ ਇਨਕਲਾਬ ਦਾ ਇੱਕ ਸਫਲ ਨਤੀਜਾ ਹੈ।

ਸਬੰਧਤ ਵਿਭਾਗਾਂ ਦੇ ਅੰਕੜਿਆਂ ਅਨੁਸਾਰ, ਪੇਂਡੂ ਖੇਤਰਾਂ ਵਿੱਚ 93 ਫੀਸਦੀ ਤੋਂ ਵੱਧ ਸਕੂਲੀ ਉਮਰ ਦੇ ਬੱਚੇ ਸਕੂਲ ਜਾਂਦੇ ਹਨ। ਦੇਸ਼ ਦੇ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਦੀ ਕੁੱਲ ਗਿਣਤੀ 15 ਕਰੋੜ ਹੋ ਗਈ ਹੈ; ਇਹ ਮਹਾਨ ਸੱਭਿਆਚਾਰਕ ਇਨਕਲਾਬ ਦੀ ਸ਼ੁਰੂਆਤ ਦੇ ਮੁਕਾਬਲੇ 30 ਫੀਸਦ ਵੱਧ ਹੈ। 23 ਸੂਬਿਆਂ, ਨਗਰਪਾਲਿਕਾਵਾਂ ਅਤੇ ਖੁਦਮੁਖਤਿਆਰ ਖੇਤਰਾਂ ਵਿੱਚ, ਸਕੂਲਾਂ ਵਿੱਚ ਦਾਖਲ ਹੋਣ ਵਾਲ਼ੇ ਸਕੂਲੀ ਉਮਰ ਦੇ ਬੱਚਿਆਂ ਦੀ ਗਿਣਤੀ 95 ਫੀਸਦ ਜਾਂ ਵੱਧ ਪਹੁੰਚ ਚੁੱਕੀ ਹੈ।

ਜਦੋਂ ਤੋਂ ਮਹਾਨ ਸੱਭਿਆਚਾਰਕ ਇਨਕਲਾਬ 1966 ਵਿੱਚ ਸ਼ੁਰੂ ਹੋਇਆ ਹੈ, ਸਿੱਖਿਆ ਨੂੰ ਨਾ ਸਿਰਫ ਮੈਦਾਨੀ ਖੇਤਰਾਂ ਵਿੱਚ ਸਗੋਂ ਪਹਾੜੀ ਖੇਤਰਾਂ, ਚਰਾਂਦਾਂ ਇਲਾਕਿਆਂ, ਦੂਰ-ਦੁਰਾਡੇ ਸਰਹੱਦੀ ਥਾਵਾਂ 'ਤੇ ਅਤੇ ਉਹਨਾਂ ਇਲਾਕਿਆਂ ਵਿੱਚ ਜਿੱਥੇ ਘੱਟ ਗਿਣਤੀ ਲੋਕ ਸੰਘਣੇ ਭਾਈਚਾਰਿਆਂ ਵਿੱਚ ਰਹਿੰਦੇ ਹਨ ਪ੍ਰਸਿੱਧ ਕੀਤਾ ਗਿਆ ਹੈ। ਤਿੱਬਤ ਖੁਦਮੁਖਤਿਆਰ ਖੇਤਰ ਵਿੱਚ, ਸਕੂਲੀ ਉਮਰ ਦੇ 85 ਫੀਸਦ ਬੱਚੇ ਸਕੂਲ ਜਾਂਦੇ ਹਨ ਜਦੋਂ ਕਿ 1965 ਵਿੱਚ ਇਹ ਸਿਰਫ 31 ਫੀਸਦ ਸੀ।

ਚਿੰਘਾਈ ਪ੍ਰਾਂਤ ਦੀ ਮਾਟੋ ਕਾਉਂਟੀ ਵਿੱਚ, ਪੀਲੀ ਨਦੀ ਦੇ ਸਰੋਤ ਨੇੜੇ, ਬਹੁਤ ਘੱਟ ਅਬਾਦੀ ਹੈ, ਔਸਤਨ ਹਰ ਪੰਜ ਵਰਗ ਕਿਲੋਮੀਟਰ ਪਿੱਛੇ ਇੱਕ ਵਿਅਕਤੀ ਰਹਿੰਦਾ ਹੈ, ਹਰ ਪੈਦਾਵਾਰ ਟੁਕੜੀ/ਬ੍ਰਿਗੇਡ ਨੇ ਉੱਥੇ ਵਕਤੀ ਚਰਾਉਣ ਅਤੇ ਅਧਿਐਨ ਲਈ ਵਕਤੀ ਪ੍ਰਾਇਮਰੀ ਸਕੂਲ ਸਥਾਪਿਤ ਕੀਤਾ ਹੈ। ਕਾਉਂਟੀ ਵਿੱਚ ਅੱਜ ਸਕੂਲਾਂ ਦੀ ਕੁੱਲ ਗਿਣਤੀ ਮਹਾਨ ਸੱਭਿਆਚਾਰਕ ਇਨਕਲਾਬ ਸ਼ੁਰੂ ਹੋਣ ਤੋਂ ਪਹਿਲਾਂ ਤੋਂ ਨੌਂ ਗੁਣਾ ਹੈ ਅਤੇ ਵਿਦਿਆਰਥੀਆਂ ਦੀ ਗਿਣਤੀ ਛੇ ਗੁਣਾ ਵੱਧ ਹੈ।

ਅੰਦਰੂਨੀ ਮੰਗੋਲੀਆਈ ਖੁਦਮੁਖਤਿਆਰ ਖੇਤਰ ਦੇ ਹਸੀਅੰਗਹੁਆਂਗ ਬੈਨਰ ਵਿੱਚ ਜਿੱਥੇ 20,000 ਤੋਂ ਵੱਧ ਮੰਗੋਲੀਆਈ, ਹਾਨ, ਹੁਈ, ਮਾਂਚੂ, ਤਾਹੂਰ, ਤਿੱਬਤੀ ਅਤੇ ਓਲੁਨਚੁਨ ਲੋਕ ਰਹਿੰਦੇ ਹਨ, ਗਰੀਬ ਅਤੇ ਹੇਠਲੇ-ਦਰਮਿਆਨੇ ਚਰਵਾਹਿਆਂ ਦੇ ਬੱਚਿਆਂ ਵਿੱਚੋਂ ਕੋਈ ਵੀ ਅਜਾਦੀ ਤੋਂ ਪਹਿਲਾਂ ਸਕੂਲ ਨਹੀਂ ਜਾ ਸਕਦਾ ਸੀ। ਅੱਜ ਉਹਨਾਂ ਵਿੱਚੋਂ 95 ਫੀਸਦ ਤੋਂ ਵੱਧ ਸਕੂਲ ਜਾ ਰਹੇ ਹਨ; ਬੈਨਰ ਦੇ ਕਮਿਊਨ ਦੁਆਰਾ ਚਲਾਏ ਜਾ ਰਹੇ ਪ੍ਰਾਇਮਰੀ ਸਕੂਲਾਂ ਵਿੱਚ ਜੂਨੀਅਰ ਮਿਡਲ ਸਕੂਲ ਕੋਰਸ ਦੇਣ ਵਾਲੀਆਂ ਕਲਾਸਾਂ ਵੀ ਹਨ ਅਤੇ ਸੱਤ ਸਾਲਾ ਵਿੱਦਿਅਕ ਪ੍ਰਣਾਲੀ ਨੂੰ ਵੀ ਪ੍ਰਸਿੱਧ ਕੀਤਾ ਜਾ ਰਿਹਾ ਹੈ।

ਯੂਨਾਨ ਪ੍ਰਾਂਤ ਦੇ ਨੁਚਿਆਂਗ ਲਿਸੂ ਖੁਦਮੁਖਤਿਆਰ ਪ੍ਰੀਫੈਕਚਰ (ਇੱਕ ਪ੍ਰਬੰਧਕੀ ਅਧਿਕਾਰ ਖੇਤਰ ਜੋ ਰਵਾਇਤੀ ਤੌਰ 'ਤੇ ਇੱਕ ਨਿਯੁਕਤ ਪ੍ਰੀਫੈਕਟ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ- ਅਨੁਵਾਦਕ) ਨੂੰ ਇੱਕ ਵਾਰ ਸਾਮਰਾਜੀ ਮਿਸ਼ਨਰੀ ਵੱਲੋਂ ਇੱਕ ਅਜਿਹੀ ਜਗ੍ਹਾ ਐਲਾਨਿਆ ਗਿਆ ਸੀ ਜਿੱਥੇ 20ਵੀਂ ਸਦੀ ਵਿੱਚ ਕੋਈ ਸਕੂਲ ਸਥਾਪਤ ਨਹੀਂ ਕੀਤਾ ਜਾ ਸਕਦਾ। ਪਰ ਅੱਜ ਇੱਥੇ 1,230 ਪ੍ਰਾਇਮਰੀ ਸਕੂਲ ਅਤੇ 25 ਮਿਡਲ ਸਕੂਲ ਹਨ ਜਿਸ ਵਿੱਚ ਸਕੂਲੀ ਉਮਰ ਦੇ ਬੱਚਿਆਂ ਦਾ 90 ਫੀਸਦ ਤੋਂ ਵੱਧ ਦਾਖਲਾ ਹੈ।

ਪੇਂਡੂ ਇਲਾਕਿਆਂ ਵਿੱਚ ਸਿੱਖਿਆ ਖੇਤਰ ਉੱਤੇ ਮੁੜ ਇਖਤਿਆਰ ਹਾਸਲ ਕਰੋ !

ਮੁਕਤੀ ਤੋਂ ਪਹਿਲਾਂ, ਗਰੀਬ ਅਤੇ ਹੇਠਲੇ-ਦਰਮਿਆਨੇ ਕਿਸਾਨ, ਜਿਹੜੇ ਲੋਟੂ ਜਮਾਤਾਂ ਵੱਲੋਂ ਕੀਤੀ ਗਈ ਲੁੱਟ ਅਤੇ ਦਾਬੇ ਦਾ ਸ਼ਿਕਾਰ ਸਨ, ਸਿੱਖਿਆ ਪ੍ਰਾਪਤ ਕਰਨ ਦੇ ਹੱਕ ਤੋਂ ਪੂਰੀ ਤਰ੍ਹਾਂ ਵਾਂਝੇ ਸਨ। ਨਵੇਂ ਚੀਨ ਦੀ ਸਥਾਪਨਾ ਤੋਂ ਬਾਅਦ ਦਿਹਾਤੀ ਇਲਾਕਿਆਂ ਵਿੱਚ ਸਮਾਜਵਾਦੀ ਇਨਕਲਾਬ ਅਤੇ ਸਮਾਜਵਾਦੀ ਉਸਾਰੀ ਦੇ ਵਿਕਾਸ ਦੇ ਨਾਲ਼ ਉਹਨਾਂ ਨੇ ਤੁਰੰਤ ਮੁਕੰਮਲ ਸੱਭਿਆਚਾਰਕ ਮੁਕਤੀ ਦੀ ਮੰਗ ਕੀਤੀ। ਭੂਮੀ ਸੁਧਾਰ ਲਹਿਰਾਂ, ਖੇਤੀਬਾੜੀ ਸਹਿਕਾਰਤਾ ਲਈ ਲਹਿਰਾਂ ਅਤੇ ਲੋਕ ਕਮਿਊਨਾਂ ਦੀ ਸਥਾਪਨਾ ਦੇ ਨਾਲ਼-ਨਾਲ਼ ਪੇਂਡੂ ਖੇਤਰਾਂ ਵਿੱਚ ਸਮਾਜਵਾਦੀ ਸਿੱਖਿਆ ਦੀ ਲਹਿਰ ਤੇ ਸਕੂਲ ਸਥਾਪਤ ਕਰਨ ਲਈ ਵੱਡੇ ਪੱਧਰ 'ਤੇ ਮੁਹਿੰਮਾਂ ਚੱਲੀਆਂ ਅਤੇ ਪੇਂਡੂ ਸਿੱਖਿਆ ਵਿੱਚ ਕੁਝ ਤਰੱਕੀ ਹੋਈ। ਪਰ ਮਹਾਨ ਸੱਭਿਆਚਾਰਕ ਇਨਕਲਾਬ ਤੋਂ 17 ਸਾਲ ਪਹਿਲਾਂ ਦੇ ਸਮੇਂ 'ਚ ਸਿੱਖਿਆ ਵਿੱਚ ਚੇਅਰਮੈਨ ਮਾਓ ਦੀ ਪ੍ਰੋਲੇਤਾਰੀ ਇਨਕਲਾਬੀ ਲੀਹ ਨੂੰ ਅਮਲੀ ਰੂਪ ਵਿੱਚ ਲਾਗੂ ਨਹੀਂ ਕੀਤਾ ਗਿਆ ਕਿਉਂਕਿ ਵਿੱਦਿਅਕ ਵਿਭਾਗਾਂ ਵਿੱਚ ਅਗਵਾਈ ਲਿਓ ਸ਼ਾਓ-ਚੀ ਅਤੇ ਉਸਦੀ ਟੋਲੀ ਨੇ ਹਥਿਆ ਲਈ ਸੀ ਅਤੇ ਉਹਨਾਂ ਨੇ ਸਿੱਖਿਆ ਵਿੱਚ ਇੱਕ ਸੋਧਵਾਦੀ ਲੀਹ ਨੂੰ ਜ਼ੋਰਾਂ-ਸ਼ੋਰਾਂ ਨਾਲ਼ ਅੱਗੇ ਵਧਾਇਆ। ਉਸ ਸਮੇਂ, ਪੇਂਡੂ ਸਕੂਲਾਂ ਵਿੱਚ ਵਿੱਦਿਅਕ ਪ੍ਰਣਾਲੀ, ਅਧਿਆਪਨ ਦੇ ਸਿਧਾਂਤ ਅਤੇ ਅਧਿਆਪਨ ਢੰਗ ਅਸਲ ਵਿੱਚ ਪੁਰਾਣੇ ਸਮਾਜ ਵਾਂਗ ਹੀ ਸੀ ਅਤੇ ਸਕੂਲਾਂ ਵਿੱਚ ਅਜਿਹੇ ਜਗੀਰੂ, ਸਰਮਾਏਦਾਰਾ ਅਤੇ ਸੋਧਵਾਦੀ ਵਿਚਾਰਾਂ ਨੂੰ ਫੈਲਾਇਆ ਗਿਆ ਜਿਵੇਂ "ਜੋ ਸਿੱਖਣ ਵਿੱਚ ਵਧੀਆ ਹੈ, ਉਹ ਇੱਕ ਅਧਿਕਾਰੀ ਬਣ ਸਕਦਾ ਹੈ", "ਇੱਕ ਅਧਿਕਾਰੀ ਬਣਨ ਲਈ ਅਧਿਐਨ ਕਰੋ" ਅਤੇ "ਬੌਧਿਕ ਵਿਕਾਸ ਨੂੰ ਤਰਜੀਹ ਦਿਓ।" ਸੋਧਵਾਦੀ ਵਿੱਦਿਅਕ ਲੀਹ ਨੂੰ ਅੱਗੇ ਵਧਾਉਣ ਵਾਲ਼ਿਆਂ ਨੇ ਹਰ ਤਰ੍ਹਾਂ ਦੇ ਨਿਯਮਾਂ ਅਤੇ ਪਾਬੰਦੀਆਂ ਲਾਗੂ ਕੀਤੀਆਂ ਤੇ ਮੰਗ ਕੀਤੀ ਕਿ "ਸਕੂਲ ਨਿਯਮਤ ਅਤੇ ਕੇਂਦਰਿਤ ਹੋਣੇ ਚਾਹੀਦੇ ਹਨ" ਅਤੇ ਇਹ ਮਿੱਥਿਆ ਗਿਆ ਕਿ "20 ਤੋਂ ਘੱਟ ਪਰਿਵਾਰਾਂ ਵਾਲ਼ੇ ਪਿੰਡ ਨੂੰ ਸਕੂਲ ਚਲਾਉਣ ਦੀ ਇਜਾਜਤ ਨਹੀਂ ਹੈ" ਅਤੇ ਇਹ ਕਿ "ਇੱਕ ਜਮਾਤ ਵਿੱਚ 30 ਤੋਂ ਘੱਟ ਵਿਦਿਆਰਥੀ ਨਹੀਂ ਹੋਣੇ ਚਾਹੀਦੇ," ਅਤੇ ਅਜਿਹੇ ਹੀ ਹੋਰ ਨੇਮ। ਉਹਨਾਂ ਦਾ ਮਕਸਦ ਸਕੂਲ ਚਲਾਉਣ ਲਈ ਗਰੀਬ ਅਤੇ ਹੇਠਲੇ-ਦਰਮਿਆਨੇ ਕਿਸਾਨਾਂ ਦੇ ਉਤਸ਼ਾਹ ਨੂੰ ਠੱਲ੍ਹ ਪਾਉਣਾ ਸੀ। ਕਿਉਂਕਿ ਸਿੱਖਿਆ ਉੱਤੇ ਕਬਜ਼ਾ ਪ੍ਰੋਲੇਤਾਰੀ ਤੇ ਗਰੀਬ ਅਤੇ ਹੇਠਲੇ-ਦਰਮਿਆਨੇ ਕਿਸਾਨਾਂ ਦੇ ਹੱਥਾਂ ਵਿੱਚ ਨਹੀਂ ਸੀ, ਇਸ ਲਈ ਉਹਨਾਂ ਦੇ ਬਹੁਤ ਸਾਰੇ ਬੱਚਿਆਂ ਨੂੰ ਸਕੂਲ ਜਾਣ ਤੋਂ ਰੋਕ ਦਿੱਤਾ ਗਿਆ। ਜਿਹੜੇ ਸਕੂਲ ਜਾਣ ਵਿੱਚ ਕਾਮਯਾਬ ਹੋਏ, ਉਨ੍ਹਾਂ ਨੂੰ ਜਗੀਰੂ, ਸਰਮਾਏਦਾਰਾ ਅਤੇ ਸੋਧਵਾਦੀ ਵਿਚਾਰਾਂ ਨਾਲ਼ ਗ੍ਰਸਤ ਕੀਤਾ ਗਿਆ, ਜਿਸ ਦਾ ਨਤੀਜਾ ਇਹ ਹੋਇਆ ਕਿ ਉਹਨਾਂ ਨੇ ਸ਼ਹਿਰਾਂ ਵਿਚ ਆਰਾਮਦਾਇਕ ਜੀਵਨ ਨੂੰ ਤਰਜੀਹ ਦਿੱਤੀ ਅਤੇ ਪਿੰਡਾਂ ਨਾਲ਼ ਆਪਣੇ ਨਾਤੇ ਤੋੜ ਲਏ। ਇਹ ਗੰਭੀਰ ਸਥਿਤੀ ਸੀ ਜਿਸ ਵਿੱਚ ਵਿੱਦਿਅਕ ਮੋਰਚੇ 'ਤੇ ਬੁਰਜੂਆਜੀ ਨੇ ਪ੍ਰੋਲੇਤਾਰੀ 'ਤੇ ਤਾਨਾਸ਼ਾਹੀ ਲਾਗੂ ਕੀਤੀ ਤੇ ਲੰਬੇ ਸਮੇਂ ਤੋਂ ਗਰੀਬ ਅਤੇ ਹੇਠਲੇ-ਦਰਮਿਆਨੇ ਕਿਸਾਨਾਂ ਵਿੱਚ ਇਸ ਸਬੰਧੀ ਸਖਤ ਅਸੰਤੁਸ਼ਟੀ ਬਣੀ ਹੋਈ ਸੀ।

ਮਹਾਨ ਸੱਭਿਆਚਾਰਕ ਇਨਕਲਾਬ ਦੌਰਾਨ, ਗਰੀਬ ਅਤੇ ਹੇਠਲੇ-ਦਰਮਿਆਨੇ ਕਿਸਾਨ ਸਿੱਖਿਆ ਵਿੱਚ ਲਿਓ ਸ਼ਾਓ-ਚੀ ਦੀ ਉਲਟ-ਇਨਕਲਾਬੀ ਸੋਧਵਾਦੀ ਲੀਹ ਦੀ ਅਲੋਚਨਾ ਕਰਨ ਲਈ ਉੱਠੇ ਅਤੇ ਦਿਹਾਤੀ ਇਲਾਕਿਆਂ ਵਿੱਚ ਸੱਭਿਆਚਾਰਕ ਅਤੇ ਵਿੱਦਿਅਕ ਖੇਤਰ ਵਿੱਚ ਸੱਤ੍ਹਾ ਨੂੰ ਵਾਪਸ ਹਥਿਆਇਆ। 1968 ਵਿੱਚ, ਚੇਅਰਮੈਨ ਮਾਓ ਨੇ ਸ਼ਾਨਦਾਰ ਹਦਾਇਤ ਜਾਰੀ ਕੀਤੀ: "ਦਿਹਾਤ ਵਿੱਚ, ਸਕੂਲਾਂ ਅਤੇ ਕਾਲਜਾਂ ਦਾ ਪ੍ਰਬੰਧਨ ਮਜ਼ਦੂਰ ਜਮਾਤ ਦੇ ਸਭ ਤੋਂ ਭਰੋਸੇਮੰਦ ਸੰਘੀ - ਗਰੀਬ ਅਤੇ ਹੇਠਲੇ-ਦਰਮਿਆਨੇ ਕਿਸਾਨਾਂ - ਵੱਲੋਂ ਕੀਤਾ ਜਾਣਾ ਚਾਹੀਦਾ ਹੈ। ਗਰੀਬ ਅਤੇ ਹੇਠਲੇ-ਦਰਮਿਆਨੇ ਕਿਸਾਨਾਂ ਵੱਲੋਂ ਇਸ ਦਾ ਗਰਮਜੋਸ਼ੀ ਨਾਲ਼ ਸਵਾਗਤ ਕੀਤਾ ਗਿਆ ਅਤੇ ਥੋੜ੍ਹੇ ਸਮੇਂ ਵਿੱਚ ਹੀ, ਸਕੂਲ-ਪ੍ਰਬੰਧਨ ਸੰਸਥਾਵਾਂ ਸਾਰੇ ਪੇਂਡੂ ਖੇਤਰਾਂ ਵਿੱਚ ਫੈਲ ਗਈਆਂ, ਜਿਸ ਵਿੱਚ ਗਰੀਬ ਅਤੇ ਹੇਠਲੇ-ਦਰਮਿਆਨੇ ਕਿਸਾਨਾਂ ਦੇ 37,00,000 ਤੋਂ ਵੱਧ ਨੁਮਾਇੰਦਿਆਂ ਨੇ ਸਿੱਧਾ ਹਿੱਸਾ ਲਿਆ। ਚੇਅਰਮੈਨ ਮਾਓ ਦੀ ਇਨਕਲਾਬੀ ਲੀਹ ਦੀ ਅਗਵਾਈ ਵਿੱਚ, ਸਿੱਖਿਆ ਵਿੱਚ ਇਨਕਲਾਬ ਨੇ ਜ਼ੋਰਦਾਰ ਢੰਗ ਨਾਲ਼ ਵਿਕਾਸ ਕੀਤਾ ਹੈ।

ਜਮਾਤੀ ਘੋਲ਼ - ਮੁੱਖ ਸਿੱਖਿਆ

ਘੋਲ਼ ਵਿੱਚ ਆਪਣੇ ਤਜਰਬੇ ਤੋਂ ਗਰੀਬ ਅਤੇ ਹੇਠਲੇ-ਦਰਮਿਆਨੇ ਕਿਸਾਨਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਸਕੂਲ, ਸਿਰਫ ਸਿੱਖਿਆ ਦੇਣ ਵਾਲ਼ੀਆਂ ਥਾਵਾਂ ਦੀ ਥਾਂ ਹਮੇਸ਼ਾ ਜਮਾਤੀ ਘੋਲ਼ ਦੇ ਮਹੱਤਵਪੂਰਨ ਮੈਦਾਨ ਰਹੇ ਹਨ। ਉਹ ਇਹ ਵੀ ਸਮਝਦੇ ਹਨ ਕਿ ਜਦੋਂ ਸਿੱਖਿਆ ਵਿੱਚ ਇਨਕਲਾਬ ਆਉਂਦਾ ਹੈ ਅਤੇ ਸਿੱਖਿਆ ਨੇ ਕਿਸ ਦੀ ਸੇਵਾ ਕਰਨੀ ਹੈ ਦਾ ਸਵਾਲ ਹੱਲ ਹੋ ਜਾਂਦਾ ਹੈ ਤਾਂ ਹੀ ਉਹਨਾਂ ਦੇ ਬੱਚਿਆਂ ਨੂੰ ਸਹੀ ਮਾਇਨਿਆਂ ਵਿੱਚ ਸਿੱਖਿਆ ਹਾਸਲ ਕਰਨ ਦਾ ਮੌਕਾ ਮਿਲ਼ ਸਕਦਾ ਹੈ। ਚੇਅਰਮੈਨ ਮਾਓ ਦੀ ਸਿੱਖਿਆ ਅਨੁਸਾਰ, "ਸਿੱਖਿਆ ਨੂੰ ਪ੍ਰੋਲੇਤਾਰੀ ਸਿਆਸਤ ਦੀ ਸੇਵਾ ਕਰਨੀ ਚਾਹੀਦੀ ਹੈ ਅਤੇ ਪੈਦਾਵਾਰੀ ਕਿਰਤ ਨਾਲ਼ ਜੋੜਿਆ ਜਾਣਾ ਚਾਹੀਦਾ ਹੈ।" ਉਹਨਾਂ ਨੇ ਸੋਧਵਾਦ ਅਤੇ ਪੁਰਾਣੀ ਵਿੱਦਿਅਕ ਪ੍ਰਣਾਲੀ ਦੀ ਡੂੰਘਾਈ ਵਿੱਚ ਅਲੋਚਨਾ ਕੀਤੀ ਅਤੇ ਸਕੂਲਾਂ ਨੂੰ ਪ੍ਰੋਲੇਤਾਰੀ ਦੀ ਤਾਨਾਸ਼ਾਹੀ ਦਾ ਸਾਧਨ ਬਣਾਉਣ ਅਤੇ ਨੌਜਵਾਨ ਪੀੜ੍ਹੀ ਦੇ ਹਰ ਇੱਕ ਨੌਜਵਾਨ ਨੂੰ "ਸਮਾਜਵਾਦੀ ਚੇਤਨਾ ਅਤੇ ਸੱਭਿਆਚਾਰ ਵਾਲ਼ਾ ਕਾਰਕੁੰਨ ਬਣਾਉਣ" ਲਈ ਆਪਣੀ ਪੂਰੀ ਵਾਹ ਲਾਈ ਹੈ। ਸਿੱਖਿਆ ਦਾ ਫੈਲਾਅ ਕਰਨ ਲਈ ਸਭ ਤੋਂ ਪਹਿਲੀ ਜਰੂਰਤ ਮਾਰਕਸਵਾਦ-ਲੈਨਿਨਵਾਦ-ਮਾਓ ਵਿਚਾਰਧਾਰਾ ਦਾ ਫੈਲਾਅ ਕਰਨਾ ਹੈ ਤਾਂ ਜੋ ਵਿਦਿਆਰਥੀ ਬਚਪਨ ਤੋਂ ਹੀ ਮਾਰਕਸਵਾਦ ਦੇ ਕੁਝ ਬੁਨਿਆਦੀ ਸਿਧਾਂਤ ਜਾਣਦੇ ਹੋਣ। ਇਸ ਟੀਚੇ ਲਈ ਉਹ ਮਾਰਕਸ, ਏਂਗਲਜ, ਲੈਨਿਨ, ਸਤਾਲਿਨ ਤੇ ਚੇਅਰਮੈਨ ਮਾਓ ਦੀਆਂ ਲਿਖਤਾਂ ਨੂੰ ਬੁਨਿਆਦੀ ਅਧਿਆਪਨ ਸਮੱਗਰੀ ਵਜੋਂ ਵਰਤਦੇ ਹਨ, ਜਮਾਤੀ ਘੋਲ਼ ਨੂੰ ਮੁੱਖ ਪਾਠ ਵਜੋਂ ਅਤੇ ਵਿਦਿਆਰਥੀਆਂ ਦੀ ਵਿਚਾਰਧਾਰਕ ਮੁੜ ਸਿਖਲਾਈ ਨੂੰ ਸਭ ਤੋਂ ਉੱਤੇ ਰੱਖਦੇ ਹਨ। ਉਹਨਾਂ ਨੇ ਜਮਾਤੀ ਘੋਲ਼, ਪੈਦਾਵਾਰ ਲਈ ਘੋਲ਼ ਅਤੇ ਵਿਗਿਆਨਕ ਪ੍ਰਯੋਗ ਦੀਆਂ ਤਿੰਨ ਮਹਾਨ ਇਨਕਲਾਬੀ ਲਹਿਰਾਂ ਵਿੱਚ ਵਾਰਸਾਂ ਨੂੰ ਪ੍ਰੋਲੇਤਾਰੀ ਇਨਕਲਾਬੀ ਉਦੇਸ਼ ਦੀ ਸਿਖਲਾਈ ਦੇਣ ਦਾ ਟੀਚਾ ਮਿੱਥਿਆ ਹੈ।

(ਅਗਲੇ ਅੰਕ ਵਿੱਚ ਜਾਰੀ)

ਪੰਨਾ 10 ਦਾ ਬਾਕੀ ਹਿੱਸਾ

ਭਾਰਤੀ ਉਪ-ਮਹਾਂਦੀਪ...

ਉਤਲੇ ਦੋਹਾਂ ਮਾਮਲਿਆਂ ਦਾ ਮਕਸਦ ਬੁੱਧੀ ਨਾਲ਼ ਕੰਮ ਕਰਨ ਵਾਲ਼ੇ ਲੋਕਾਂ ਨੂੰ, ਅੰਧ ਵਿਸ਼ਵਾਸੀ ਤੌਰ ਤਰੀਕੇ ਅਪਣਾਉਣ ਲਈ ਮਜਬੂਰ ਕਰਨਾ ਅਤੇ ਰਾਜ ਦੇ ਖਜਾਨੇ ਨੂੰ ਭਰਨਾ ਹੈ। ਇਸ ਤਰ੍ਹਾਂ ਕੌਟੱਲਿਆ ਨੇ ਜਿਹੜੇ ਸਾਰੇ ਸਾਧਨਾ ਜਾਂ ਉਪਾਵਾਂ ਦੀ ਚਰਚਾ ਕੀਤੀ ਹੈ, ਉਹਨਾਂ ਦਾ ਮਕਸਦ ਇਹੋ ਸੀ ਕਿ ਰਾਜ ਇਹਨਾਂ ਦੀ ਵਰਤੋਂ ਕਰਕੇ ਲੋਕਾਂ ਨੂੰ ਅੰਧ ਵਿਸ਼ਵਾਸ ਦੀ ਦਲਦਲ ਵਿੱਚ ਧੱਕ ਦੇਵੇ ਅਤੇ ਉਨ੍ਹਾਂ ਦੀ ਲੁੱਟ ਕਰੇ।"

ਇਸ ਲੇਖ-ਲੜੀ ਵਿੱਚ ਸਾਡੀ ਇਹ ਦੱਸਣ ਦੀ ਕੋਸ਼ਿਸ਼ ਹੈ ਕਿ ਬੇਹੱਦ ਮਾੜੀਆਂ ਹਾਲਤਾਂ ਵਿੱਚ ਵੀ ਕਿਰਤੀ ਲੋਕਾਂ ਦੀ ਵਿਚਾਰਧਾਰਾ, ਪਦਾਰਥਵਾਦੀ ਦਰਸ਼ਨ ਦੀ ਸ਼ਾਨਦਾਰ ਅਤੇ ਬਹਾਦਰੀ ਭਰਪੂਰ ਵਿਰਾਸਤ ਹੈ ਜੋ ਮਜ਼ਦੂਰ ਜਮਾਤ ਦੀ ਮੁਕਤੀ ਦੇ ਮਹਾਨ ਕਾਰਜ ਲਈ ਵੱਡੀ ਪ੍ਰੇਰਨਾ ਸਰੋਤ ਹੈ।

● ਸੁਖਦੇਵ

ਚੀਨ ਦੀ ਨਵੀਂ ਕੌਮੀ ਕਾਂਗਰਸ ਦੇ ਫੈਸਲੇ ਤੇ ਵਧਦਾ ਅੰਤਰ-ਸਾਮਰਾਜੀ ਤਣਾਅ

11 ਮਾਰਚ ਨੂੰ ਚੀਨ ਦੀ ਕੌਮੀ ਕਾਂਗਰਸ ਨੇਪਰੇ ਚੜ੍ਹੀ ਹੈ। ਚੀਨ ਦੇ ਸੁਸਤ ਹੁੰਦੇ ਅਰਥਚਾਰੇ ਦਰਮਿਆਨ ਕਾਂਗਰਸ ਵਿੱਚ ਲਏ ਗਏ ਫੈਸਲੇ, ਵਧ ਰਹੇ ਅੰਤਰ ਸਾਮਰਾਜੀ ਖਹਿਭੇੜ ਦਾ ਸੰਕੇਤ ਦੇ ਰਹੇ ਹਨ। ਇਹਨਾਂ ਫੈਸਲਿਆਂ ਦਾ ਜਿਕਰ ਕਰਨ ਤੋਂ ਪਹਿਲਾਂ ਚੀਨ ਦੀਆਂ ਮੌਜੂਦਾ ਹਾਲਤਾਂ 'ਤੇ ਝਾਤ ਮਾਰਨੀ ਜਰੂਰੀ ਹੈ।

ਪਿਛਲੇ ਸਾਲ ਚੀਨ ਦੀ ਕੁੱਲ ਘਰੇਲੂ ਪੈਦਾਵਾਰ ਦੀ ਵਾਧਾ ਦਰ 5.2% ਰਹੀ, ਜੋ ਕਿ ਤੀਹ ਸਾਲਾਂ ਵਿੱਚ ਸਭ ਤੋਂ ਘੱਟ ਸੀ। ਇਸ ਵਕਤ ਚੀਨੀ ਅਰਥਚਾਰੇ 'ਤੇ ਸਭ ਤੋਂ ਵੱਡਾ ਭਾਰ, ਰੀਅਲ ਅਸਟੇਟ ਤੇ ਰਿਹਾਇਸ਼ੀ ਜਮੀਨਾਂ ਦੇ ਸੰਕਟ ਦਾ ਹੈ ਜੋ ਕਿ ਐਵਰਗਰਾਂਦੇ, ਕੰਟਰੀ ਗਾਰਡਨ ਅਤੇ ਪੰਜਾਹ ਹੋਰ ਕੰਪਨੀਆਂ ਦੇ ਦੀਵਾਲੀਆ ਹੋਣ ਦੇ ਰੂਪ ਵਿੱਚ ਸਾਹਮਣੇ ਆਇਆ ਹੈ। ਜਿਕਰਯੋਗ ਹੈ ਕਿ ਪਿਛਲੇ ਇੱਕ ਦਹਾਕੇ ਤੋਂ ਵੱਧ ਸਮੇਂ ਲਈ, ਇਹੀ ਖੇਤਰ ਚੀਨ ਦੀ ਵਿਕਾਸ ਦਰ ਦਾ ਇੰਜਣ ਬਣਿਆ ਹੋਇਆ ਸੀ ਅਤੇ ਇਹੀ ਖੇਤਰ ਕੁੱਲ ਘਰੇਲੂ ਪੈਦਾਵਾਰ ਦਾ 25% ਵੀ ਹੈ। 2021 ਤੋਂ ਲੈਕੇ ਹੁਣ ਤੱਕ ਰਿਹਾਇਸ਼ੀ ਘਰਾਂ ਦੇ 40% ਵਿਕਰੇਤਾ ਦੀਵਾਲੀਆ ਹੋ ਗਏ ਹਨ। ਚੀਨ ਵਿੱਚ ਮੁਨਾਫਿਆਂ ਦੇ ਡਿੱਗਣ ਕਾਰਨ ਚੀਨੀ ਨਿਵੇਸ਼ਕ ਲਗਾਤਾਰ ਬਾਹਰ ਵੱਲ ਨੂੰ ਮੂੰਹ ਕਰ ਰਹੇ ਹਨ, ਜਿਸ ਕਾਰਨ ਜਨਵਰੀ ਤੱਕ ਚੀਨ ਵਿੱਚ ਨਿਵੇਸ਼ 25% ਹੇਠਾਂ ਆ ਗਿਆ । ਚੀਨ ਤੋਂ ਬਾਹਰ ਜਾ ਰਹੇ ਨਿਵੇਸ਼ਕਾਂ ਦੇ ਪੈਸੇ ਵਿੱਚ 50% ਇਜਾਫਾ ਹੋਇਆ। ਪਿਛਲੇ ਮਾਰਚ ਤੋਂ ਲੈ ਕੇ ਕੇ ਹੁਣ ਤੱਕ ਦੀ ਗੱਲ ਕਰੀਏ ਤਾਂ ਯੁਆਨ ਡਾਲਰ ਦੇ ਮੁਕਾਬਲੇ 4% ਹੇਠਾਂ ਡਿੱਗ ਚੁੱਕਿਆ ਹੈ। ਪਿਛਲੇ ਬਾਰਾਂ ਮਹੀਨਿਆਂ ਵਿੱਚ ਚੀਨ ਵਿੱਚ ਸ਼ੇਅਰ ਬਜਾਰ 20% ਹੇਠਾਂ ਡਿੱਗਿਆ ਹੈ। ਘਰੇਲੂ ਮੰਗ ਖੜ੍ਹੋਤ ਦਾ ਸ਼ਿਕਾਰ ਹੈ। ਬੇਰੁਜਗਾਰੀ ਐਨੀ ਵਧ ਚੁੱਕੀ ਹੈ ਕਿ ਸਰਕਾਰ ਨੇ ਬੇਰੁਜਗਾਰੀ ਦੇ ਅੰਕੜੇ ਤੱਕ ਛਾਪਣੇ ਬੰਦ ਕਰ ਦਿੱਤੇ ਹਨ। ਚੀਨ ਨੱਕ ਤੱਕ ਕਰਜੇ ਵਿੱਚ ਡੁੱਬਿਆ ਪਿਆ ਹੈ, ਅੱਜ ਚੀਨ ਸਿਰ ਕੁੱਲ ਘਰੇਲੂ ਪੈਦਾਵਾਰ ਦਾ 287.8% ਕਰਜਾ ਹੈ। ਕੌਮਾਂਤਰੀ ਮੁਦਰਾ ਕੋਸ਼ ਮੁਤਾਬਕ ਚੀਨ ਲਈ 400 ਅਰਬ ਡਾਲਰ ਦਾ ਕਰਜਾ ਭੁਗਤਾਨ ਇਸਦੀ ਸਿਹਤਮੰਦ ਆਰਥਿਕਤਾ ਲਈ ਜਰੂਰੀ ਹੈ। ਕਰਜੇ ਦਾ ਇਹ ਗੁਬਾਰਾ ਚੀਨ ਲਈ ਗਲ਼ੇ ਦੀ ਹੱਡੀ ਬਣਿਆ ਹੋਇਆ ਹੈ। ਭਾਵੇਂ ਚੀਨ ਸੰਕਟ ਵਿੱਚ ਨਹੀਂ, ਪਰ ਵਿਕਾਸ ਦਰ ਕਾਫੀ ਸੁਸਤ ਹੈ। ਫੌਰੀ ਕਾਰਨ ਭਾਵੇਂ ਰੀਅਲ ਅਸਟੇਟ ਦਾ ਸੰਕਟ ਹੈ, ਪਰ ਸਰਮਾਏਦਾਰੀ ਵਿੱਚ ਮੁਨਾਫੇ ਦੀ ਦਰ ਦੇ ਡਿੱਗਣ ਦਾ ਨਿਯਮ ਹੀ ਮੁੱਖ ਕਾਰਨ ਹੈ। ਇਹ ਇਸ ਪ੍ਰਬੰਧ ਦਾ ਵਜੂਦ ਸਮੋਇਆ ਨਿਯਮ ਹੈ।

1976 ਵਿੱਚ ਚੀਨ ਅੰਦਰ ਸਰਮਾਏਦਾਰੀ ਦੀ ਮੁੜ ਬਹਾਲੀ ਤੋਂ ਬਾਅਦ ਅਮੀਰੀ-ਗਰੀਬੀ ਦਾ ਪਾੜਾ ਵਧਣ ਲੱਗਾ। ਸਰਮਾਏਦਾਰਾਂ ਦੇ ਹਿੱਤਾਂ ਦੀ ਰਾਖੀ ਕਰਦਾ ਹੋਇਆ ਚੀਨ, ਨਵਉਦਾਰਵਾਦੀ ਨੀਤੀਆਂ ਨੂੰ ਲਾਗੂ ਕਰਨ ਵਾਲਾ ਸੰਸਾਰ ਦਾ ਪਹਿਲਾ ਵੱਡਾ ਦੇਸ਼ ਬਣ ਗਿਆ, ਜਿਸ ਪਿੱਛੋਂ ਚੀਨੀ ਅਰਥਚਾਰੇ ਨੇ ਤੇਜ 'ਵਿਕਾਸ' ਕੀਤਾ। 2008 ਦੇ ਸੰਕਟ ਦੇ ਸੇਕ ਤੋਂ ਬਚ ਕੇ ਚੀਨ ਦੀ ਵਿਕਾਸ ਦਰ ਅੱਗੇ ਵਧਦੀ ਰਹੀ। ਪਰ ਸਰਮਾਏਦਾਰੀ ਦੇ ਨਿਯਮ ਅਟੱਲ ਹਨ। ਇਹੀ ਕਾਰਨ ਹੈ ਕਿ ਅੱਜ ਚੀਨ ਵਿੱਚ ਮੁਨਾਫਿਆਂ ਦੀ ਦਰ ਡਿੱਗ ਰਹੀ ਹੈ ਜਿਸ ਵਿੱਚੋਂ ਅੱਗੇ ਕਰਜਾ, ਮਹਿੰਗਾਈ ਅਤੇ ਬੇਰੁਜਗਾਰੀ ਜਿਹੀਆਂ ਸਰਮਾਏਦਾਰਾ ਅਲਾਮਤਾਂ ਨੇ ਚੀਨੀ ਅਰਥਚਾਰੇ ਨੂੰ ਘੇਰ ਰੱਖਿਆ ਹੈ।

ਉਪਰੋਕਤ ਹਾਲਤਾਂ ਦੀ ਪਿੱਠਭੂਮੀ ਵਿੱਚ 4 ਮਾਰਚ ਨੂੰ ਚੀਨ ਦੀ ਕੌਮੀ ਕਾਂਗਰਸ ਅਰੰਭ ਹੋਈ ਜਿਸ ਵਿੱਚ ਇਸ ਸਾਲ 5% ਕੁੱਲ ਘਰੇਲੂ ਪੈਦਾਵਾਰ ਦੇ ਵਾਧੇ ਦਾ ਟੀਚਾ ਰੱਖਿਆ ਗਿਆ। ਕਈ ਅਰਥਸ਼ਾਸਤਰੀ ਚੀਨ ਦੀਆਂ ਮੌਜੂਦਾ ਹਾਲਤਾਂ ਨੂੰ ਵੇਖਦੇ ਹੋਏ ਇਸ ਟੀਚੇ ਤੱਕ ਅੱਪੜਨ ਦਾ ਰਾਹ ਔਖਾ ਦੱਸ ਰਹੇ ਹਨ। ਕਈਆਂ ਮੁਤਾਬਕ ਤਾਂ 2030 ਤੱਕ ਚੀਨ ਦੀ ਵਾਧਾ ਦਰ 2% ਹੀ ਰਹਿ ਜਾਵੇਗੀ। ਚੀਨ ਨੇ ਹੁਣ ਮੁੜ ਮੈਨੂਫੈਕਚਰਿੰਗ ਖੇਤਰ ਦੇ ਵਿਕਾਸ ਨੂੰ ਪਹਿਲ ਦੇਣ ਦਾ ਫੈਸਲਾ ਕੀਤਾ ਹੈ। ਨਵੀਂ ਤਕਨੀਕ ਵਿਕਸਤ ਕਰਨ ਲਈ ਸਰਕਾਰੀ ਖਰਚ ਦਾ 51.6 ਅਰਬ ਡਾਲਰ ਰੱਖਿਆ ਗਿਆ ਹੈ ਤਾਂ ਕਿ ਨਿਰੋਲ ਚੀਨੀ ਤਕਨੀਕ ਤਿਆਰ ਕਰਕੇ ਹੋਰ ਦੇਸ਼ਾਂ, ਖਾਸਕਰ ਸੰਯੁਕਤ ਰਾਸ਼ਟਰ ਅਮਰੀਕਾ (ਅੱਗੇ ਸਿਰਫ ਅਮਰੀਕਾ) 'ਤੇ ਨਿਰਭਰਤਾ ਘਟਾਈ ਜਾ ਸਕੇ। ਇਹ ਫੈਸਲਾ ਅਮਰੀਕਾ ਦੇ ਚੀਨ ਨੂੰ ਤਕਨੀਕ ਦੀ ਬਰਾਮਦ 'ਤੇ ਰੋਕ ਲਾਉਣ ਤੋਂ ਬਾਅਦ ਲਿਆ ਗਿਆ। ਅਮਰੀਕਾ ਨੇ ਪਿਛਲੇ ਦਿਨੀਂ ਬਿਆਨ ਦਿੱਤਾ ਹੈ ਕਿ ਚੀਨ ਆਪਣੀ ਤਕਨੀਕ ਵਧਾ ਕੇ ਅਮਰੀਕੀ ਉੱਪਗ੍ਰਹਿ ਪ੍ਰੋਗਰਾਮ ਲਈ ਖਤਰਾ ਖੜ੍ਹਾ ਕਰਨਾ ਚਾਹੁੰਦਾ ਹੈ। ਬਾਈਡਨ ਨੇ ਚੀਨ 'ਤੇ ਇਹ ਵੀ ਦੋਸ਼ ਲਾਇਆ ਕਿ ਉਹ ਗੈਰ-ਕਨੂੰਨੀ ਢੰਗਾਂ ਰਾਹੀਂ ਅਮਰੀਕਾ ਅਤੇ ਸੰਸਾਰ ਦੇ ਆਟੋ ਬਜਾਰਾਂ 'ਤੇ ਕਬਜਾ ਕਰਨਾ ਚਾਹੁੰਦਾ ਹੈ। ਅਸਲ ਵਿੱਚ ਅਮਰੀਕੀ ਹਕੂਮਤ ਜਾਣਦੀ ਹੈ ਕਿ ਚੀਨੀ ਆਟੋ ਸਾਧਨ ਵਧੀਆ ਤਕਨੀਕ ਤੇ ਸਸਤੀਆਂ ਕੀਮਤਾਂ 'ਤੇ ਵੇਚੇ ਜਾ ਸਕਦੇ ਹਨ ਜਿਸ ਕਰਕੇ ਆਟੋ ਦੀ ਸੰਸਾਰ ਮੰਡੀ ਵਿੱਚ ਅਮਰੀਕਾ ਦੀ ਹਿੱਸੇਦਾਰੀ ਖੁੱਸੇਗੀ। ਪਹਿਲਾਂ ਵੀ ਇਹੀ ਕਾਰਨ ਸੀ ਕਿ ਅਮਰੀਕਾ ਨੇ ਚੀਨ ਨੂੰ ਸੈਮੀਕੰਡਕਟਰ ਚਿੱਪਾਂ ਦੀ ਪੂਰਤੀ ਬੰਦ ਕਰ ਦਿੱਤੀ ਸੀ। ਸ਼ੀ ਜਿਨਪਿੰਗ ਨੇ ਆਪਣੇ ਇਸ ਟੀਚੇ ਨੂੰ 'ਨਵੀਆਂ ਗੁਣੀ ਪੈਦਾਵਰੀ ਤਾਕਤਾਂ' ਦਾ ਨਾਮ ਦਿੱਤਾ ਹੈ ਜਿਸ ਵਿੱਚ ਉੱਨਤ ਨਿਰਮਾਣ, ਨਵੀਂ ਊਰਜਾ ਵਾਲ਼ੇ ਸਾਧਨ ਆਦਿ ਆਉਣਗੇ। ਪਰ ਇਸ ਗੱਲ ਦੇ ਸ਼ੰਕੇ ਜਤਾਏ ਜਾ ਰਹੇ ਹਨ ਕਿ ਨਵੀਂ ਤਕਨੀਕ ਦਾ ਵਿਕਾਸ, ਰੀਅਲ ਅਸਟੇਟ ਸੰਕਟ ਨਾਲ਼ ਪੈਦਾ ਹੋਏ ਘਾਟੇ ਨੂੰ ਪੂਰ ਸਕੇਗਾ ਜਾਂ ਨਹੀਂ। ਇਸ ਵਿੱਚ ਅਮਰੀਕਾ ਵੱਲੋਂ ਲਗਾਤਾਰ ਚੀਨ 'ਤੇ ਲਾਈਆਂ ਜਾ ਰਹੀਆਂ ਬੰਦਸ਼ਾਂ ਵੱਡੀ ਰੁਕਾਵਟ ਖੜ੍ਹੀ ਕਰ ਸਕਦੀਆਂ ਹਨ। ਪਿਛਲੇ ਚਾਰ ਸਾਲਾਂ ਵਿੱਚ ਚੀਨ ਉੱਤੇ ਆਰਥਿਕ ਬੰਦਸ਼ਾਂ ਤਿੰਨ ਗੁਣਾ ਵਧ ਗਈਆਂ ਹਨ। ਇਸੇ ਅੰਤਰ-ਸਾਮਰਾਜੀ ਖਹਿਭੇੜ ਵਿੱਚੋਂ ਚੀਨ ਆਪਣੀ ਘਰੇਲੂ ਤਕਨੀਕ ਤੇ ਅਰਥਚਾਰੇ ਨੂੰ ਹੋਰ ਵਿਕਸਤ ਕਰਨ ਬਾਰੇ ਫਿਕਰਮੰਦੀ ਵਿੱਚ ਪਿਆ ਹੋਇਆ ਹੈ।

ਇੱਕ ਹੋਰ ਵੱਡਾ ਫੈਸਲਾ ਜੋ ਕਾਂਗਰਸ ਵਿੱਚ ਲਿਆ ਗਿਆ, ਉਹ ਸੀ ਇਸ ਸਾਲ ਦੇ ਫੌਜੀ ਬਜਟ ਵਿੱਚ 7.2% ਦਾ ਵੱਡਾ ਇਜਾਫਾ। ਜਾਣੀ ਕਿ ਪੀ.ਐਲ.ਏ. ਨੂੰ ਇਸ ਵਾਰ ਫੌਜੀ ਕਾਰਵਾਈਆਂ ਲਈ 231 ਅਰਬ ਡਾਲਰ ਦਾ ਵੱਡਾ ਬਜਟ ਮਿਲ਼ ਗਿਆ ਹੈ। ਇਹ ਵੀ ਸਿੱਧਾ-ਸਿੱਧਾ ਸਾਮਰਾਜੀ ਅਮਰੀਕਾ ਨਾਲ਼ ਤਿੱਖੇ ਹੁੰਦੇ ਟਕਰਾਅ ਦਾ ਨਤੀਜਾ ਹੈ। ਚੀਨ ਦੇ ਫੌਜੀ ਬਜਟ ਦਾ ਅਸਲ ਅੰਕੜਾ ਵੈਸੇ ਤਾਂ ਆਪਣੇ ਤੈਅ ਕੀਤੇ ਬਜਟ ਤੋਂ ਹਮੇਸ਼ਾ ਵੱਧ ਹੀ ਹੁੰਦਾ ਹੈ। ਕਾਂਗਰਸ ਵਿੱਚ ਤਾਇਵਾਨ ਨੂੰ ਚੀਨ ਦਾ ਹਿੱਸਾ ਬਣਾਉਣ ਦਾ ਟੀਚਾ ਪਿਛਲੀ ਵਾਰ ਨਾਲ਼ੋਂ ਵੱਧ ਤਿੱਖੇ ਰੂਪ ਵਿੱਚ ਰੱਖਿਆ ਗਿਆ ਹੈ। ਜਿਵੇਂ ਪਿਛਲੇ ਸਾਲ ਇਹ ਮਤਾ ਇਸ ਤਰ੍ਹਾਂ ਸੀ ਕਿ "ਚੀਨ ਦਾ ਸ਼ਾਂਤਮਈ ਮੁੜ-ਏਕੀਕਰਨ ਕੀਤਾ ਜਾਵੇਗਾ।" ਪਰ ਇਸ ਵਾਰ ਮਤਾ ਇਸ ਤਰ੍ਹਾਂ ਹੈ "ਚੀਨ ਦੇ ਮੁੜ-ਏਕੀਕਰਨ ਲਈ ਠੋਸ ਕਦਮ ਚੁੱਕੇ ਜਾਣਗੇ।" ਜਾਣੀ ਕਿ ਸ਼ਾਂਤਮਈ ਰੂਪ ਦਾ ਜਿਕਰ ਨਹੀਂ ਕੀਤਾ ਗਿਆ ਜਿਹੜਾ ਕਿ ਸੰਕੇਤ ਦਿੰਦਾ ਹੈ ਕਿ ਤਾਇਵਾਨ ਦੇ ਮਸਲੇ ਉੱਤੇ ਸਾਮਰਾਜੀ ਅਮਰੀਕਾ ਤੇ ਚੀਨ ਦਰਮਿਆਨ ਤਣਾਅ ਤਿੱਖਾ ਹੋਣ ਵੱਲ ਵਧੇਗਾ। ਹਾਲ ਹੀ ਵਿੱਚ ਫਿਲੀਪਾਈਨ ਦੇ ਸਮੁੰਦਰੀ ਜਹਾਜਾਂ ਨਾਲ਼ ਚੀਨੀ ਜਹਾਜਾਂ ਨੇ ਟੱਕਰ ਲਈ ਹੈ।

ਅੱਜ ਚੀਨ ਇੱਕ ਸਾਮਰਾਜੀ ਦੇਸ਼ ਹੈ, ਜਿਸ ਦੀ ਮੁਨਾਫੇ ਦੀ ਦਰ ਡਿੱਗ ਰਹੀ ਹੈ ਤੇ ਇਸ ਨੂੰ ਬਰਕਰਾਰ ਰੱਖਣ ਲਈ ਚੀਨ ਉਹੀ ਕੁਝ ਕਰ ਰਿਹਾ ਹੈ ਜੋ ਇੱਕ ਸਾਮਰਾਜੀ ਦੇਸ਼ ਕਰਦਾ ਹੈ ਜਾਣੀ ਫੌਜੀ ਬਜਟ ਵਿੱਚ ਵਾਧਾ, ਜੰਗਾਂ ਵੱਲ ਨੂੰ ਵਧਣਾ ਤੇ ਸੰਸਾਰ ਵਿਆਪੀ ਗਲਬਾ ਸਥਾਪਿਤ ਕਰਨ ਦੀ ਕੋਸ਼ਿਸ਼ ਕਰਨਾ। ਸਾਮਰਾਜੀ ਅਮਰੀਕਾ ਇਸ ਨੂੰ ਕਿਸੇ ਹਾਲ ਬਰਦਾਸ਼ਤ ਨਹੀਂ ਕਰ ਸਕਦਾ ਕਿਉਂਕਿ ਉਸ ਲਈ ਵੀ ਇਹ ਮੁਨਾਫੇ ਦਾ ਸੁਆਲ ਹੈ। ਸਾਮਰਾਜੀ ਦੇਸ਼ਾਂ ਦਾ ਸੰਸਾਰ ਚੌਧਰ ਲਈ ਇਹ ਖਹਿਭੇੜ ਹੀ ਸਾਮਰਾਜੀ ਜੰਗਾਂ ਨੂੰ ਜਨਮ ਦਿੰਦਾ ਹੈ। ਜਿਵੇਂ ਅੱਜ ਯੂਕਰੇਨ ਵਿੱਚ ਰੂਸ ਤੇ ਅਮਰੀਕਾ ਆਹਮੋ-ਸਾਹਮਣੇ ਹੋ ਗਏ ਹਨ ਜਾਂ ਤਾਇਵਾਨ ਵਿੱਚ ਲਗਾਤਾਰ ਚੀਨ ਅਤੇ ਅਮਰੀਕਾ ਵਿਚਕਾਰ ਤਣਾਅ ਦੀ ਸਥਿਤੀ ਹੈ। ਚੀਨ ਦੀ ਕੌਮੀ ਕਾਂਗਰਸ ਅੰਤਰ-ਸਾਮਰਾਜੀ ਖਹਿਭੇੜ ਵੱਲ ਇੱਕ ਅਗਲੇਰਾ ਕਦਮ ਹੈ ਜਿਸ ਦੇ ਆਉਣ ਵਾਲ਼ੇ ਸਮੇਂ ਵਿੱਚ ਭਿਆਨਕ ਸਿੱਟੇ ਨਿੱਕਲਣੇ ਹਨ।

ਪਰ ਚੀਨੀ ਹਾਕਮਾਂ ਦੇ ਇਹਨਾਂ ਫੈਸਲਿਆਂ ਹੇਠ ਆਮ ਲੋਕਾਈ ਦੇ ਮੁੱਦੇ ਲੰਬਾ ਸਮਾਂ ਅਣਗੌਲ਼ੇ ਨਹੀਂ ਰਹਿ ਸਕਦੇ। ਬੇਰੁਜਗਾਰੀ, ਤਨਖਾਹਾਂ ਤੇ ਭੱਤੇ ਰੁਕਣਾ ਵਰਗੇ ਵਰਤਾਰੇ ਵੱਡੀ ਪੱਧਰ ਉੱਤੇ ਚੀਨ ਦੀ ਕਿਰਤੀ ਲੋਕਾਈ ਨੂੰ ਦਰਪੇਸ਼ ਹੋ ਰਹੇ ਹਨ। ਇਹਨਾਂ ਹਾਲਤਾਂ ਵਿੱਚ ਲੋਕ ਰੋਹ ਲਗਾਤਾਰ ਵਧ ਰਿਹਾ ਹੈ। ਚੀਨੀ ਲੇਬਰ ਬੁਲੇਟਿਨ ਮੁਤਾਬਿਕ 2023 ਵਿੱਚ ਮਜਦੂਰਾਂ, ਕਿਰਤੀਆਂ ਦੇ 1794 ਵੱਡੇ ਮੁਜਾਹਰੇ, ਧਰਨੇ ਹੋਏ ਜੋ ਕਿ 2022 ਨਾਲ਼ੋਂ ਦੁੱਗਣੀ ਗਿਣਤੀ ਸੀ। ਚੀਨ ਦੀ ਕਿਰਤੀ ਲੋਕਾਈ ਕੋਲ਼ ਵੀਹਵੀਂ ਸਦੀ ਦੇ ਮਹਾਨ ਇਨਕਲਾਬਾਂ ਦੀ ਸ਼ਾਨਦਾਰ ਵਿਰਾਸਤ ਮੌਜੂਦ ਹੈ। ਇਸ ਲਈ ਇਸ ਵਿਸ਼ਾਲ ਕਿਰਤੀ-ਮਜਦੂਰ ਅਬਾਦੀ ਦਾ ਸੜਕਾਂ ਉੱਤੇ ਉੱਤਰਨਾ ਨਾ ਸਿਰਫ ਚੀਨ ਸਗੋਂ ਦੁਨੀਆਂ ਦੇ ਸਭ ਦੱਬੇ ਕੁਚਲੇ ਲੋਕਾਂ ਲਈ ਸ਼ੁੱਭ ਸੰਕੇਤ ਹੋਵੇਗਾ। ਇਹੀ ਡਰ ਅੱਜ ਚੀਨ ਦੇ ਲੋਟੂ ਹਾਕਮਾਂ ਨੂੰ ਸਤਾ ਰਿਹਾ ਹੈ।

• ਜੋਬਨ

ਫਾਰਮ - 4

1. ਪ੍ਰਕਾਸ਼ਨ ਸਥਾਨ - ਮੁਹੱਲਾ ਜੱਸੜਾਂ, ਨੇੜੇ ਬੀ.ਐੱਸ.ਐੱਨ.ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ, ਪੰਜਾਬ -140406
2. ਵਾਰਵਾਰਤਾ - ਪੰਦਰਵਾੜਾ
3. ਪ੍ਰਿੰਟਰ ਦਾ ਨਾਂ - ਲਖਵਿੰਦਰ ਸਿੰਘ
   ਨਾਗਰਿਕਤਾ - ਭਾਰਤੀ
   ਪਤਾ - ਮੁਹੱਲਾ ਜੱਸੜਾਂ, ਨੇੜੇ ਬੀ.ਐੱਸ.ਐੱਨ.ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ, ਪੰਜਾਬ -140406
4. ਪ੍ਰਕਾਸ਼ਕ ਦਾ ਨਾਂ - ਲਖਵਿੰਦਰ ਸਿੰਘ
   ਨਾਗਰਿਕਤਾ - ਭਾਰਤੀ
   ਪਤਾ - ਮੁਹੱਲਾ ਜੱਸੜਾਂ, ਨੇੜੇ ਬੀ.ਐੱਸ.ਐੱਨ.ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ, ਪੰਜਾਬ -140406
5. ਸੰਪਾਦਕ ਦਾ ਨਾਂ – ਮਾਨਵਜੋਤ ਸਿੰਘ
   ਨਾਗਰਿਕਤਾ - ਭਾਰਤੀ
   ਪਤਾ - #22625, ਗਲੀ ਨੰ. 13, ਭੰਗੂ ਰੋਡ, ਬਠਿੰਡਾ, ਪੰਜਾਬ- 151001
6. ਮਾਲਕ ਦਾ ਨਾਂ - ਲਖਵਿੰਦਰ ਸਿੰਘ
   (ਕੋਈ ਵੀ ਹੋਰ ਪੂੰਜੀ ਹੋਲਡਰ ਹਿੱਸੇਦਾਰ ਜਾਂ ਸ਼ੇਅਰ ਹੋਲਡਰ ਨਹੀਂ ਹੈ।)
   ਨਾਗਰਿਕਤਾ - ਭਾਰਤੀ
   ਪਤਾ - ਮੁਹੱਲਾ ਜੱਸੜਾਂ, ਨੇੜੇ ਬੀ.ਐੱਸ.ਐੱਨ.ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ, ਪੰਜਾਬ -140406

ਮੈਂ, ਲਖਵਿੰਦਰ ਸਿੰਘ, ਇਹ ਐਲਾਨ ਕਰਦਾ ਹਾਂ ਕਿ ਉਪਰੋਕਤ ਤੱਥ ਮੇਰੀ ਵੱਧ ਤੋਂ ਵੱਧ ਜਾਣਕਾਰੀ ਅਤੇ ਵਿਸ਼ਵਾਸ਼ ਮੁਤਾਬਿਕ ਸੱਚ ਹਨ।

ਮਿਤੀ – 16 ਮਾਰਚ 2024

ਲਖਵਿੰਦਰ ਸਿੰਘ
(ਹਸਤਾਖਰ ਪ੍ਰਕਾਸ਼ਕ)

ਮਨੁੱਖ ਦੁਆਰਾ ਕੁਦਰਤ ਦਾ ਵਰਗੀਕਰਨ ਅਤੇ ਕੁਦਰਤ ਵਿੱਚ ਮਨੁੱਖ ਦੀ ਥਾਂ

ਇਸ ਲੇਖ ਦਾ ਕੇਂਦਰ ਬਿੰਦੂ ਹੈ ਕਿ ਮਨੁੱਖ ਜਦੋਂ ਕੁਦਰਤ ਨੂੰ ਸਮਝਣਾ ਸ਼ੁਰੂ ਕਰਦਾ ਹੈ ਤਾਂ ਆਪਣੀ ਸਮਝ ਅਨੁਸਾਰ ਇਸਦੀ ਸ੍ਰੇਣੀਆਂ ਨੂੰ ਵਰਗੀਕ੍ਰਿਤ ਕਰਦਾ ਹੈ, ਪਰ ਜਦੋਂ ਵੀ ਸਾਹਮਣੇ ਇਹ ਸਵਾਲ ਆਇਆ ਕਿ ਉਹ ਖੁਦ ਕੀ ਹੈ ਅਤੇ ਉਸਦੀ ਜੀਵ ਜਗਤ ਵਿੱਚ ਕੀ ਥਾਂ ਹੈ ਤਾਂ ਮਨੁੱਖ ਧਾਰਮਿਕ ਵਿਆਖਿਆਵਾਂ ਦੇ ਹਵਾਲੇ ਨਾਲ਼ ਇਸ ਗੱਲ ਤੋਂ ਹਮੇਸ਼ਾ ਬਚਦਾ ਰਿਹਾ ਹੈ ਕਿ ਮਨੁੱਖ ਵੀ ਇਸ ਜੀਵ ਜਗਤ ਵਿੱਚੋਂ ਹੀ ਜਾਨਵਰਾਂ ਦਾ ਹੀ ਹਿੱਸਾ ਹੈ। ਇਸਦੇ ਉਲਟ ਵਿਚਾਰਵਾਦੀ ਦਾਰਸ਼ਨਿਕਾਂ ਨੇ ਹਮੇਸ਼ਾਂ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਕਿ ਮਨੁੱਖ ਜਾਨਵਰਾਂ ਤੋਂ ਉੱਪਰ ਹੈ ਜਿਸਦੀ ਸਿਰਜਣਾ ਰੱਬ ਵੱਲੋਂ ਖਾਸ ਤੱਤਾਂ ਨਾਲ਼ ਕੀਤੀ ਗਈ ਹੈ ਅਤੇ ਉਸ ਵਿੱਚ ਆਪਣੀ ਰੂਹ ਦਾ ਖਾਸ ਹਿੱਸਾ ਪਾਇਆ ਹੈ ਤਾਂ ਜੋ ਉਸਨੂੰ ਗਿਆਨ ਹਾਸਿਲ ਹੋ ਸਕੇ। ਆਓ ਇਸ ਸਵਾਲ ਨੂੰ ਇਤਿਹਾਸਕ ਪ੍ਰਸੰਗ ਵਿੱਚ ਵੇਖਣ ਦੀ ਕੋਸ਼ਿਸ਼ ਕਰਦੇ ਹਾਂ।

ਯੂਨਾਨੀ ਦਾਰਸ਼ਨਿਕ ਅਰਸਤੂ (384-322 ਈ.ਪੂ.) ਪਹਿਲੀ ਬਾਰ ਜੀਵਾਂ ਨੂੰ ਵਿਗਿਆਨ ਦੇ ਨਿਯਮਾਂ ਅਨੁਸਾਰ ਵਰਗੀਕ੍ਰਿਤ ਕਰਦਾ ਹੋਇਆ ਕਿੰਗਡਮ ਪਲਾਂਟ (ਪੌਦੇ) ਅਤੇ ਅਨਿਮਲੀਆਂ (ਜਾਨਵਰ) ਵਿੱਚ ਵੰਡਦਾ ਹੈ ਜਿਸਦਾ ਅਧਾਰ ਜੀਵਾਂ ਦੇ ਅੰਗਾਂ ਅਤੇ ਗੁਣਾਂ ਉੱਪਰ ਅਧਾਰਿਤ ਸੀ ਜਿਵੇਂ ਲੱਤਾਂ ਕਿੰਨੀਆਂ ਹਨ, ਆਂਡਾ ਦਿੰਦਾ ਹੈ, ਖੂਨ ਕਿਸ ਤਰ੍ਹਾਂ ਦਾ ਹੈ ਆਦਿ। ਅਰਸਤੂ ਜਾਨਵਰਾਂ ਗੈਰ-ਰੀੜਧਾਰੀ (ਅਨਹੇਮਾ) ਅਤੇ ਰੀੜਧਾਰੀ (ਇਨਹੇਮਾ) ਵਿੱਚ ਵੰਡਦਾ ਹੈ। ਇਸ ਲਈ ਅਰਸਤੂ ਨੂੰ ਜੀਵ-ਵਿਗਿਆਨ ਦਾ ਪਿਤਾਮਾ ਕਿਹਾ ਜਾਂਦਾ ਹੈ।

ਇਸ ਤੋਂ ਪਹਿਲਾਂ ਮਨੁੱਖ (ਹੋਮੋ ਸੇਪੀਅਨਜ਼) ਲੱਗਭੱਗ 2.5 ਕੁ ਲੱਖ ਸਾਲ ਪਹਿਲਾਂ ਧਰਤੀ ਉੱਤੇ ਇੱਕ ਪ੍ਰਜਾਤੀ ਵਜੋਂ ਹੋਂਦ ਵਿੱਚ ਆਉਂਦਾ ਹੈ ਅਤੇ ਆਪਣੀ ਕੁਦਰਤ ਨਾਲ਼ ਲੰਬੀ ਜੱਦੋਜਹਿਦ ਦੌਰਾਨ ਪੱਥਰਾਂ ਤੋਂ ਨਵੇਂ ਨਵੇਂ ਔਜਾਰ ਘੜਦਾ ਹੋਇਆ ਕੁਦਰਤ ਨੂੰ ਤਬਦੀਲ ਕਰਨ ਦੀ ਸਮਰੱਥਾ ਨਾਲ਼ 70 ਹਜਾਰ ਸਾਲ ਪਹਿਲਾਂ ਅਫਰੀਕਾ ਤੋਂ ਬਾਹਰ ਆ ਜਾਂਦਾ ਹੈ। ਮਨੁੱਖ ਦੀ ਕੁਦਰਤ ਬਾਰੇ ਜੋ ਸਮਝ ਵਿਕਸਤ ਹੋਈ ਸੀ ਉਹ ਪਹਿਲੀ ਬਾਰ ਕਲਾ ਜਾਂ ਲਿਖਤ ਦੇ ਰੂਪ ਵਿੱਚ ਗੁਫਾਵਾਂ ਦੇ ਅੰਦਰ ਬਣੇ ਹੋਏ ਚਿੱਤਰਾਂ ਦੇ ਰੂਪ ਵਿੱਚ ਮਿਲ਼ਦੀ ਹੈ ਜੋਕਿ ਮਨੁੱਖ ਦਾ ਕੁਦਰਤ ਬਾਰੇ ਮੁਢਲਾ ਵਰਗੀਕਰਨ ਹੈ ਜਿਸ ਵਿੱਚ ਉਹ ਜਾਨਵਰਾਂ ਦੀ ਨਿਸ਼ਾਨਦੇਹੀ ਕਰਦਾ ਹੈ ਜੋ ਕਿ ਉਸਦੀ ਖੁਰਾਕ ਹਨ ਅਤੇ ਉਹ ਜੋ ਖਤਰਾ ਹਨ। ਲੱਗਭੱਗ 10-12 ਹਜਾਰ ਈ.ਪੂ. ਸਾਲ ਪਹਿਲਾਂ ਮਨੁੱਖ ਪਹਿਲੀ ਵਾਰ ਸ਼ਿਕਾਰ ਅਤੇ ਭੋਜਨ ਭਾਲਣ ਦੀ ਪ੍ਰਕਿਰਿਆਂ ਵਿੱਚੋਂ ਸਮਝ ਹਾਸਿਲ ਕਰਦਾ ਹੋਇਆ ਖੇਤੀਬਾੜੀ ਅਤੇ ਪਸ਼ੂਪਾਲਣ ਵੱਲ ਵਧਦਾ ਹੈ ਅਤੇ ਪਸ਼ੂਆਂ-ਰੁੱਖਾਂ ਨੂੰ ਨਵੇਂ ਸਿਰਿਓ ਵਰਗੀਕਰਨ ਕਰਦਾ ਹੈ। ਪਹਿਲੀਆਂ ਸੱਭਿਆਤਾਵਾਂ ਦੇ ਉਸਰਨ ਸਮੇਂ ਲਿਖਤੀ ਭਾਸ਼ਾ ਦਾ ਵੀ ਸ਼ੁਰੂਆਤ ਹੋ ਜਾਂਦੀ ਹੈ ਜਿਸ ਵਿੱਚ ਰੇਖਾ-ਚਿੱਤਰ ਸਨ। ਲਿਖਤੀ ਭਾਸ਼ਾ ਦਾ ਅਰਥ ਇਹ ਸੀ ਕਿ ਹੁਣ ਗਿਆਨ ਸਮੱਗਰੀ ਇੰਨੀ ਕੁ ਵਧ ਚੁੱਕੀ ਹੈ ਕਿ ਇਸਦਾ ਹਿਸਾਬ ਕਿਤਾਬ ਦਿਮਾਗਾਂ ਵਿੱਚ ਨਹੀਂ ਰੱਖਿਆ ਜਾ ਸਕਦਾ ਸਗੋਂ ਇਸਨੂੰ ਲਿਖਿਆ ਜਾਵੇ ਤਾਂ ਜੋ ਅਗਲੇਰੀਆਂ ਪੀੜ੍ਹੀਆ ਵੀ ਇਸਨੂੰ ਜਾਣ-ਸਕਣ। ਇਸ ਸਮੇਂ ਦਾ ਕੁਦਰਤ ਦਾ ਵਰਗੀਕਰਨ ਗੁਣਾਤਮਕ ਰੂਪ ਵਿੱਚ ਉਚੇਰੇ ਪੱਧਰ ਦਾ ਸੀ। ਪਰ ਇਸ ਵਿੱਚ ਮਨੁੱਖ ਦਾ ਸਥਾਨ ਕੀ ਸੀ ਇਹ ਅੱਗੇ ਚੱਲਕੇ ਚਰਚਾ ਕਰਾਂਗੇ।

ਅਰਸਤੂ ਦਾ ਵਿਦਿਆਰਥੀ ਥਿਓਫਰੇਸਟਸ (370-285 ਈ.ਪੂ.) 500 ਦੇ ਆਸਪਾਸ ਪੌਦਿਆ ਦਾ ਗਹਿਰਾ ਅਧਿਐਨ ਕਰਕੇ ਕਿਤਾਬ 'ਹਿਸਟਰੀਆ ਪਲੈਂਟਰਮ' ਲਿਖਦਾ ਹੈ ਜਿਸ ਕਰਕੇ ਉਸਨੂੰ ਬਨਸਪਤੀ ਵਿਗਿਆਨ ਦਾ ਪਿਤਾਮਾ ਕਿਹਾ ਜਾਂਦਾ ਹੈ। ਭਾਰਤੀ ਉਪ-ਮਹਾਂਦੀਪ ਉੱਤੇ ਚੋਥੀ ਸਦੀ ਈ.ਪੂ. ਦੌਰਾਨ ਅਯੁਰਵੇਦ ਵਰਗਾ ਚਿਕਿਤਸਾ ਵਿਗਿਆਨ ਉਭਰਦਾ ਹੈ ਜਿਸ ਵਿੱਚ ਪ੍ਰਯੋਗ ਅਧਾਰਿਤ ਜੜੀਆਂ-ਬੂਟੀਆਂ ਨੂੰ ਵੱਖ-ਵੱਖ ਰੋਗਾਂ ਦੇ ਸਬੰਧ ਵਿੱਚ ਵਰਗੀਕ੍ਰਿਤ ਕੀਤਾ ਜਾਂਦਾ ਹੈ। ਅਯੁਰਵੇਦ ਅਧਾਰਿਤ ਵਿਕਸਤ ਹੋ ਰਿਹਾ ਵਿਗਿਆਨ ਪਹਿਲੀ ਵਾਰ ਪੌਦਿਆਂ ਦਾ ਨਾਮਕਰਨ ਕਰਦਾ ਹੈ ਜੋ ਕਿ ਕਿਸੇ ਖੇਤਰ ਦੇ ਵਿਗਿਆਨ ਦੀ ਮੁਢਲੀ ਲੋੜ ਹੁੰਦੀ ਹੈ।

ਇਸ ਨਿਰੋਲ ਦਿੱਖ ਜਾਂ ਗੁਣਾਂ ਅਧਾਰਿਤ ਵਰਗੀਕਰਨ ਨੂੰ ਮੱਧਯੁੱਗ ਦੇ ਦਾਰਸ਼ਨਿਕ ਤਰਕ ਆਧਾਰਿਤ ਸਮੂਹਾਂ ਵਿੱਚ ਵੰਡਣਾਂ ਸ਼ੁਰੂ ਕਰ ਦਿੰਦੇ ਹਨ ਜਿਵੇਂ ਕਿ ਥਾਮਸ ਅਕੁਆਨਸ, ਪਰੋਕੋਪੀਅਸ, ਗਾਜਾ ਦਾ ਟਿਮੋਥਿਓਸ ਆਦਿ। ਮਾਈਕਰੋਸਕੋਪੀ ਵਿਗਿਆਨ ਦੇ ਪਿਤਾਮਾ ਐਨਟੋਨੀ ਵਾਨ ਲਿਉਵਿਨਹਾਕ (1632-1723) ਮਾਈਕਰੋਸਕੋਪ ਵਰਤਕੇ ਪਹਿਲੀ ਬਾਰ ਸੂਖਮ ਜੀਵਾਂ ਦਾ ਅਧਿਐਨ ਸ਼ੁਰੂ ਕਰਦਾ ਹੈ।

ਯੂਰਪ ਦਾ ਮੁੜ-ਜਾਗਰਣ ਤੇ ਗਿਆਨ ਪ੍ਰਸਾਰ ਦਾ ਸਮਾਂ ਅਤੇ ਜੀਵਾਂ ਦਾ ਵਰਗੀਕਰਨ:

ਯੂਰਪ ਵਿੱਚ ਇਹ ਸਮਾਂ ਕਈ ਸਦੀਆ ਬਾਅਦ ਫਿਰ ਤੋਂ ਗਿਆਨ ਵਿਗਿਆਨ ਨੂੰ ਮੁੜ ਸੁਰਜੀਤ ਕਰਨ ਦੇ ਸਮੇਂ ਵਜੋਂ ਜਾਣਿਆ ਜਾਂਦਾ ਹੈ। ਇਸ ਸਮੇਂ ਵਿਗਿਆਨ ਜਦੋਂ ਨਵੇਂ ਕਦਮ ਪੁੱਟਣੇ ਸ਼ੁਰੂ ਕਰਦਾ ਹੈ ਤਾਂ ਜੀਵਾਂ ਦੇ ਪੁਰਾਤਨ ਵਰਗੀਕਰਨ ਨੂੰ ਮੁੜ ਸੋਧਣ ਲਈ ਨਵੇਂ ਸਿਰਿਓ ਵਰਗੀਕਰਨ ਸ਼ੁਰੂ ਕਰ ਦਿੱਤਾ ਜਾਂਦਾ ਹੈ।

ਇਸ ਯੁੱਗ 'ਚ ਤਕਨੀਕੀ ਕ੍ਰਾਂਤੀ ਦਾ ਲਾਹਾ ਐਂਡਰੀ ਸੀਜਲਪਿਨੋ (1519-1603 ਈ.) ਲੈਂਦਾ ਹੈ ਅਤੇ 1583 ਵਿੱਚ 1500 ਰੁੱਖਾਂ ਦਾ ਵਰਣਨ ਅਧਾਰਿਤ "ਮੇਗਨਸ ਓਪਸ ਡੇ ਪਲਾਂਟੀ" ਕਿਤਾਬ ਲਿਖਦਾ ਹੈ। ਸੀਜਲਪਿਨੋ ਵਰਗੀਕਰਨ-ਵਿਗਿਆਨ ਦਾ ਪਹਿਲਾ ਵਿਗਿਆਨੀ (ਟੇਕਸੋ-ਨੋਮਿਸਟ) ਅਖਵਾਉਂਦਾ ਹੈ। ਇਸ ਤੋਂ ਬਾਅਦ ਜੋਹਨ ਰੇਅ (1627-1705) ਅਤੇ 1700 ਈ. ਵਿੱਚ ਜੋਸੇਫ ਟੋਰਨਫੋਰਟ ਰੁੱਖਾਂ ਅਤੇ ਜਾਨਵਰਾਂ ਨੂੰ ਵਰਗੀਕ੍ਰਿਤ ਕਰਦੇ ਹਨ। ਵਰਗੀਕਰਨ ਦੇ ਖੇਤਰ ਨੂੰ ਸਿਖਰ ਤੱਕ ਕਾਰਲਸ ਲਿਨਿਅਸ ਲੈਕੇ ਜਾਂਦਾ ਹੈ।

ਕਾਰਲਸ ਲਿਨਿਅਸ (1707-1778) ਦਾ ਨਾਮ ਕਾਰਲ ਵਾਨ ਲਿਨ ਸੀ ਪਰ ਕਾਰਲਸ ਲਿਨਿਅਨਸ ਪ੍ਰਜਾਤੀਆਂ ਦੇ ਨਾਮਕਰਨ ਦੇ ਵਿਗਿਆਨ ਵਿੱਚ ਇੰਨਾਂ ਖੁੱਭ ਜਾਂਦਾ ਹੈ ਕਿ ਖੁਦ ਨਾਮ ਵੀ ਬਦਲਕੇ ਵਿਗਿਆਨਕ ਨਾਮ ਰੱਖ ਲੈਂਦਾ ਹੈ; ਕਾਰਲਸ ਲਿਨਿਅਸ। ਕਾਰਲਸ ਲਿਨਿਅਸ ਦੇ ਵਿਕਸਤ ਕੀਤੇ ਬਾਏ-ਨੋਮੀਅਲ-ਨਾਮ-ਕਰਨ ਦਾ ਸਿਧਾਂਤ ਨੂੰ ਅਸੀਂ ਅੱਜ ਵੀ ਵਰਤ ਰਹੇ ਹਾਂ। ਜਿਵੇਂ ਕਿ ਸਾਡਾ ਜੀਨਸ ਨਾਮ ਹੋਮੋ ਅਤੇ ਸਪੀਸੀਜ਼ ਨਾਮ ਸੇਪੀਅਨਜ ਹੈ। ਇਸ ਤੋਂ ਬਾਅਦ ਬਸਤੀਵਾਦ ਦੇ ਦੌਰ ਵਿੱਚ ਸਮੁੰਦਰੀ ਯਾਤਰਵਾਂ ਨਾਲ਼ ਬੈਂਥਮ ਅਤੇ ਹੁਕਰ ਵਰਗੇ ਬਨਸਪਤੀ ਵਿਗਿਆਨੀ ਦੁਨੀਆਂ ਦੀਆਂ ਬਨਸਪਤੀਆਂ ਨੂੰ ਆਪਣੀਆਂ ਕਿਤਾਬਾਂ ਵਿੱਚ ਦਰਜ ਕਰਦੇ ਹਨ।

ਵਿਗਾਸ ਦੇ ਸਿਧਾਂਤ ਦਾ ਜੀਵ-ਵਰਗੀਕਰਨ ਉੱਪਰ ਪ੍ਰਭਾਵ; ਜੀਨ ਬਿਪਟਿਸਟ ਲਮਾਰਕ , ਡਾਰਵਿਨ ਦਾ ਦਾਦਾ ਇਰਾਸਮਸ ਡਾਰਵਿਨ , ਜੈਫਰੀ ਸੇਂਟ ਹਿਲੇਅ ਅਤੇ ਹੋਰ ਕੁਦਰਤੀ ਵਿਗਿਆਨੀ ਅਠਾਹਰਵੀਂ ਸਦੀ ਵਿੱਚ ਵਿਗਾਸ ਦਾ ਸਿਧਾਂਤ ਵਿਕਸਤ ਕਰਨਾ ਸ਼ੁਰੂ ਕਰ ਦਿੰਦੇ ਹਨ ਪਰ ਕੋਈ ਵੀ ਇਸਦੀ ਗਤਿਕੀ ਨਹੀਂ ਲੱਭ ਸਕਿਆ ਅਤੇ ਨਾ ਹੀ ਇਸਨੂੰ ਹੁਣ ਤੱਕ ਸਥਾਪਿਤ ਕਰ ਸਕੇ ਸਨ। ਇਸ ਕੰਮ ਨੂੰ ਨੇਪਰੇ ਚਾੜ੍ਹਦੇ ਹਨ ਯੁੱਗ ਦੇ ਮਹਾਨ ਵਿਗਿਆਨੀ ਚਾਰਲਸ ਡਾਰਵਿਨ ਜੋ ਕਿ 1831 ਤੋਂ 1835 ਤੱਕ ਆਪਣੀ ਸਮੁੰਦਰੀ ਯਾਤਰਾ ਦੌਰਾਨ ਵੱਖ ਵੱਖ ਜੀਵਾਂ ਦਾ ਅਧਿਐਨ ਕਰਦੇ ਹਨ ਜਿਸ ਅਧਾਰਿਤ 1859 ਈ ਵਿੱਚ "ਪ੍ਰਜਾਤੀਆਂ ਦੀ ਉਤਪਤੀ" ਕਿਤਾਬ ਲਿਖਦੇ ਹਨ। ਸਿਧਾਂਤ ਨੂੰ ਮਾਨਤਾ ਮਿਲ਼ਣ ਤੋਂ ਬਾਅਦ ਵਰਗੀਕਰਨ-ਵਿਗਿਆਨ ਦਾ ਅਧਾਰ ਹਿੱਲ ਜਾਂਦਾ ਹੈ। ਨਵੇਂ ਇਤਿਹਾਸ ਦੀ ਸ਼ੁਰੂਆਤ ਹੋ ਜਾਂਦੀ ਹੈ ਕਿਉਂਕਿ ਹੁਣ ਜੀਵ ਵਿਗਿਆਨ ਦਾ ਕੋਈ ਵੀ ਖੇਤਰ ਵਿਗਾਸ ਨੂੰ ਅੱਖੋ-ਓਹਲੇ ਕਰਕੇ ਕੁੱਝ ਵੀ ਹਾਸਿਲ ਨਹੀਂ ਕਰ ਸਕਦਾ ਸੀ, ਵਿਗਾਸ ਨੂੰ ਅਧਿਐਨ ਦਾ ਹਿੱਸਾ ਬਣਾਉਣਾ ਲਾਜਮੀ ਹੋ ਜਾਂਦਾ ਹੈ।

ਅੰਤ ਜੀਵਾਂ ਦਾ ਵਰਗੀਕਰਨ ਫੇਰ ਨਵੇਂ ਸਿਰਿਓ ਕਰਨ ਦੀ ਲੋੜ ਵਿੱਚੋਂ ਪੌਦਿਆਂ ਦੇ ਮਸ਼ਹੂਰ ਵਰਗੀਕਰਨ ਜੋ ਕਿ ਬੈਂਥਮ ਅਤੇ ਹੁੱਕਰ ਨੇ ਕੀਤਾ ਸੀ ਉਸਦੀ ਥਾਂ ਏਂਗਲਰ ਅਤੇ ਪ੍ਰਾਂਟਲ ਕਰਦੇ ਹਨ। ਅੱਜ ਵੀ ਕੋਈ ਪ੍ਰਜਾਤੀ ਜਦੋਂ ਨਵੀਂ ਮਿਲ਼ਦੀ ਹੈ ਤਾਂ ਉਸਨੂੰ ਵਿਗਾਸ ਦੇ ਅਲੱਗ-ਅਲੱਗ ਪੱਖਾਂ ਨੂੰ ਧਿਆਨ 'ਚ ਰੱਖਕੇ ਵਰਗੀਕ੍ਰਿਤ ਕੀਤਾ ਜਾਂਦਾ ਹੈ। ਪਰ ਹੁਣ ਸਮੱਸਿਆ ਇਹ ਸੀ ਕਿ ਹੁਣ ਦੇ ਇਸ ਵਰਗੀਕਰਨ ਵਿੱਚੋਂ ਮਨੁੱਖ ਸਵਾਲਾਂ ਵਿੱਚ ਤਾਂ ਸੀ ਪਰ ਕਿਸੇ ਵੀ ਵਰਗੀਕ੍ਰਿਤ ਲਿਖਤ ਵਿੱਚੋਂ ਗਾਇਬ ਸੀ। ਆਓ ਅਸੀਂ ਇਸ ਚਰਚਾ ਵੱਲ ਅੱਗੇ ਵਧਦੇ ਹਾਂ।

ਮਨੁੱਖ ਦੇ ਇਸ ਜੀਵ ਜਗਤ ਵਿੱਚ ਕਿਹੜਾ ਸਥਾਨ ਹੈ ?

ਅਰਸਤੂ ਧਰਤੀ ਉੱਤੇ ਜੀਵਾਂ ਨੂੰ ਵਰਗੀਕ੍ਰਿਤ ਕਰਨ ਵਾਲ਼ੇ ਦਾਰਸ਼ਨਿਕਾਂ ਵਿੱਚੋਂ ਮੁਢਲਾ ਸੀ ਪਰ ਉਸਦੀ ਜੀਵਾਂ ਬਾਰੇ ਧਾਰਨਾ ਵਿੱਚ ਵਿਚਾਰਵਾਦ ਸੀ ਜਿਸ ਅੰਨੁਸਾਰ ਰਚਨਾਹਾਰ ਨੇ ਜੀਵਾਂ ਦੀ ਰਚਨਾ ਪ੍ਰਕਿਰਤੀ ਵਿੱਚ ਇੱਕ ਤਰ੍ਹਾਂ ਵਡਿਆਈ ਅਤੇ ਤਾਲਮੇਲ ਬਣਾਏ ਰੱਖਣ ਲਈ ਕੀਤੀ ਹੈ ਜਿਸ ਵਿੱਚ ਹਰ ਜੀਵ ਦਾ ਟੀਚਾ ਹੈ ਜਿਸਨੂੰ ਉਸਨੇ ਟਿਲੋਸ ਕਿਹਾ ਗਿਆ। ਅਰਸਤੂ ਅਨੁਸਾਰ ਜਵਾਨ/ਵਿਕਸਤ ਜੀਵ ਟਿਲੋਸ ਦੇ ਅੰਤਿਮ ਨਿਸ਼ਾਨੇ ਨੂੰ ਪ੍ਰਗਟਾਉਂਦੇ ਹਨ ਅਤੇ ਪ੍ਰਜਾਤੀ ਜੋ ਹਾਲੇ ਵਿਕਸਤ ਹੋ ਰਹੀਆਂ ਹਨ ਉਹ ਟਿਲੋਸ ਵੱਲ ਵਧ ਰਹੀਆਂ ਹਨ ਅਤੇ ਟਿਲੋਸ ਉਹਨਾਂ ਦਾ ਰਾਹ ਦਰਸਾਵਾਂ ਹੈ। ਟਿਲੋਸ ਤੋਂ ਟਿਲਿਓਲੋਜੀ ਸ਼ਬਦ ਬਣਿਆ ਜਿਸਦਾ ਅਰਥ ਹੈ ਉਦੇਸ਼ਵਾਦ। ਇਸ ਲਈ ਅਰਸਤੂ ਅਨੁਸਾਰ ਮਨੁੱਖੀ ਪ੍ਰਜਾਤੀ ਤਾਂ ਟਿਲੋਸ ਦੇ ਸਿਖਰ ਉਤੇ ਸਥਾਪਿਤ ਪ੍ਰਜਾਤੀ ਸੀ ਜਿਸਦਾ ਬਾਕੀ ਜੀਵਾਂ ਨਾਲ਼ੋਂ ਰੁਤਬਾ ਵੱਖਰਾ ਸੀ।

ਵਿਚਾਰਵਾਦੀ ਮਨੁੱਖ ਨੂੰ ਕੁਦਰਤ ਦੀ ਪਵਿੱਤਰ ਰਚਨਾ ਮੰਨਦੇ ਸਨ ਅਤੇ ਪਦਾਰਥਵਾਦੀ ਧੜਾ ਵਿਗਿਆਨ ਅਤੇ ਤਕਨੀਕ ਦੀ ਘਾਟ ਕਾਰਨ ਇਸ ਨਤੀਜੇ ਨੂੰ ਸਾਬਿਤ ਕਰਨੋ ਅਸਮਰੱਥ ਸੀ ਕਿ ਮਨੁੱਖ ਵੀ ਇਨ੍ਹਾਂ ਜਾਨਵਰਾਂ ਤੋਂ ਹੀ ਵਿਕਸਤ ਹੋਇਆ ਹੈ।

ਮਨੁੱਖ ਨੂੰ ਪਵਿੱਤਰ ਦੱਸਣ ਦੇ ਮੁੱਖ ਤਿੰਨ ਕਾਰਨ ਸਨ

1) ਮਨੁੱਖ ਸੱਚਮੱਚ ਹੀ ਜਾਨਵਰ ਜਗਤ ਨਾਲ਼ੋਂ ਇੰਨਾ ਕੁ ਜਿਆਦਾ ਉੱਨਤ ਵਿਕਸਤ ਅਤੇ ਵੱਖਰਾ ਹੈ ਕਿ ਇਸਨੂੰ ਜਾਨਵਰ ਜਗਤ ਨਾਲ਼ ਜੋੜਿਆ ਜਾਣਾ ਮੁਸ਼ਕਿਲ ਜਾਪਦਾ ਸੀ/ਹੈ।

2) ਪ੍ਰਚੀਨ ਸਮੇਂ ਵਿੱਚ ਜਮਾਤੀ ਸਮਾਜ ਦੇ ਬਣਨ ਤੋਂ ਬਾਅਦ ਇਹ ਰਾਜ ਕਰਨ ਵਾਲ਼ੀ ਜਮਾਤ ਵੀ ਆਪਣੇ ਆਪ ਨੂੰ ਸਰਵੋਤਮ ਦੱਸਣ ਲਈ ਇਸ ਵਿਚਾਰ ਦਾ ਹਵਾਲਾ ਲੈਂਦੀ ਹੈ ਕਿ ਜਿਵੇਂ ਰੱਬ ਨੇ ਮਨੁੱਖ ਨੂੰ ਪਸ਼ੂਆਂ ਤੋਂ ਵੱਖਰਾ ਬਣਾਇਆ ਹੈ ਉਸੇ ਤਰ੍ਹਾਂ ਕੁੱਲ ਮਨੁੱਖਾਂ ਵਿੱਚ ਰਾਜਾ ਵੱਖਰਾ ਹੈ। ਰਾਜਾ ਰੱਬ ਦਾ ਵੰਸ਼ ਹੈ ਜੋ ਕਿ ਰਾਜ ਕਰਨ ਲਈ ਹੀ ਪੈਦਾ ਹੋਇਆ ਹੈ ਉਸਦਾ ਆਮ ਮਨੁੱਖਾਂ ਨਾਲ਼ ਕੋਈ ਸਬੰਧ ਨਹੀਂ ਹੈ। ਇਸਦੇ ਸਮਾਂਤਰ ਭਾਰਤ ਵਿੱਚ ਜਾਤਪਾਤ ਦੇ ਹੱਕ ਵਿੱਚ ਦਲੀਲ ਇਹੋ ਵਿਚਾਰ ਬਣਦਾ ਹੈ ਕਿ ਉੱਚੀਆਂ ਜਾਤਾਂ ਰੱਬ ਦੇ ਸਿਰ ਵਿੱਚੋਂ ਪੈਦਾ ਹੋਈਆ ਹਨ ਅਤੇ ਅਛੂਤ ਜਾਤਾਂ ਰੱਬ ਦੇ ਪੈਰਾਂ ਵਿੱਚ ਪੈਦਾ ਹੋਈਆ ਹਨ ਅਤੇ ਇਹਨਾਂ ਦਾ ਵੀ ਆਪਸ ਵਿੱਚ ਕੋਈ ਸਬੰਧ ਨਹੀਂ ਹੈ।

3) ਵਿਗਿਆਨ ਅਤੇ ਤਕਨੀਕ ਇਸਨੂੰ ਗਲਤ ਸਾਬਿਤ ਕਰਨ 'ਚ ਅਸਮਰੱਥ ਸੀ।

ਇੱਥੋਂ ਤੱਕ ਕਿ ਡਾਰਵਿਨ ਦੇ ਨਾਲ਼ 1859 ਵਿੱਚ ਵਿਗਾਸ ਦੇ ਸਿਧਾਂਤ ਦਾ ਸਾਂਝਾ ਖੋਜਪੱਤਰ ਪੜ੍ਹਨ ਵਾਲ਼ਾ ਅਲਫ੍ਰੈਂਡ ਵੇਲੇਸ ਮਨੁੱਖ ਦੇ ਵਿਗਾਸ ਦੇ ਸਵਾਲ ਨੂੰ ਲੈਕੇ ਭਟਕ ਜਾਂਦਾ ਹੈ ਅਤੇ ਲਿਖਦਾ ਹੈ "ਮਨੁੱਖ ਕੋਲ਼ ਸਰਵ-ਉੱਤਮ ਦਰਜੇ ਦੀ ਮਾਨਸਿਕ ਅਤੇ ਨੈਤਿਕ ਕਾਬਲੀਅਤ ਹੈ ਜੋ ਕਿ ਪਸ਼ੂਆਂ ਤੋਂ ਵਿਕਸਤ ਨਹੀਂ ਹੋ ਸਕਦੀ ਸਗੋਂ ਇਸਦਾ ਵਿਗਾਸ ਬਿਲਕੁੱਲ ਵੱਖਰਾ ਹੈ ਜਿਸਨੂੰ ਸਮਝਣ ਲਈ ਸਾਨੂੰ ਅਦਿੱਖ ਪ੍ਰਮਾਤਮਾ ਦੇ ਅਲੋਕਿਕ ਬ੍ਰਹਿਮੰਡ ਵੱਲ ਧਿਆਨ ਲਗਾਉਣ ਦੀ ਲੋੜ ਹੈ"। ਵੇਲੇਸ ਡਾਰਵਿਨਵਾਦ ਨੂੰ ਰੱਬ ਨਾਲ਼ ਜੋੜਦਾ ਹੋਇਆ ਲਿਖਦਾ ਹੈ ਕਿ ਵਿਗਾਸ ਨੂੰ ਵਾਪਰਨ ਦੇ ਲਈ ਕੁਦਰਤੀ ਚੋਣ ਦੀ ਲੋੜ ਹੁੰਦੀ ਹੈ ਅਤੇ ਇਸ ਕੁਦਰਤੀ ਚੋਣ ਨੂੰ ਰਾਸਤਾ ਰੱਬ ਵਿਖਾਉਂਦਾ ਹੈ ਤਾਂ ਜੋ ਮਨੁੱਖ ਪੈਦਾ ਹੋ ਸਕੇ ਅਤੇ ਰੱਬ ਨੂੰ ਯਾਦ ਕਰ ਸਕੇ। ਇਹ ਟਿੱਪਣੀ ਵੇਲੇਸ ਦੀ ਕਿਤਾਬ ਡਾਰਵਿਨਿਜਮ ਦੇ ਪੰਨਾ 478 ਉੱਪਰ ਦਰਜ ਹੈ।

ਕਾਰਲਸ ਲਿਨਿਅਸ ਜਿਸਨੇ ਕੁੱਲ ਵਰਗੀਕਰਨ ਦਾ ਵਿਗਿਆਨ ਵਿਕਸਤ ਕੀਤਾ ਉਸਨੇ ਵੀ ਕਿਹਾ ਕਿ ਮਨੁੱਖ ਅਤੇ ਚਿੰਪੇਜੀਆਂ ਵਰਗੇ ਏਪਾਂ ਵਿੱਚ ਬਹੁਤ ਸਾਰੇ ਗੁਣ ਸਾਂਝੇ ਹਨ ਪਰ ਮਨੁੱਖ ਦੀ ਆਤਮਾ ਵਿੱਚ ਅਲੌਕਿਕ ਪ੍ਰਮਾਤਮਾ ਦੇ ਕਣ ਹਨ।

ਰੁਡੋਲਫ ਵਿਰਚੋਅ ਜਿਸਨੂੰ ਹਰ ਜੀਵ-ਵਿਗਿਆਨ ਪੜ੍ਹਨ ਵਾਲ਼ਾ ਵਿਦਿਆਰਥੀ ਜਾਣਦਾ ਹੈ ਅਤੇ ਉਸਦੀ ਸਤਰ ਨੂੰ ਰੱਟਦਾ ਹੈ "ਓਮਨਿਸ-ਸੈਲੂਲਾ-ਏ-ਸੈਲੂਲਾ (ਹਰ ਜੀਵਤ ਸੈੱਲ ਹੀ ਸੈੱਲ ਨੂੰ ਜਨਮ ਦਿੰਦਾ ਹੈ)" ਮਤਲਬ ਕਿ ਨਵਾਂ ਜੀਵ ਪੈਦਾ ਨਹੀਂ ਅਗਲੇ ਪੰਨੇ 'ਤੇ ਜਾਰੀ

ਹੋ ਸਕਦਾ ਹਰ ਜੀਵਤ ਸੈੱਲ ਹੀ ਸੈੱਲ ਨੂੰ ਜਨਮ ਦਿੰਦਾ ਹੈ, ਨੇ ਵੀ ਡਾਰਵਿਨਵਾਦ ਦਾ ਵਿਰੋਧ ਕੀਤਾ।

ਪਰ ਡਾਰਵਿਨ ਸਿਧਾਂਤ ਨੂੰ ਸਥਾਪਿਤ ਕਰ ਚੁੱਕਾ ਸੀ ਅਤੇ 1871 ਈ. ਵਿੱਚ ਦੂਜੀ ਕਿਤਾਬ "ਮਨੁੱਖ ਦੀ ਉਤਪਤੀ" ਲਿਖੀ ਜਿਸਦਾ ਵਿਸ਼ਾ-ਵਸਤੂ ਇਹੋ ਸਾਬਿਤ ਕਰਨਾ ਸੀ ਕਿ ਮਨੁੱਖ ਉਚੇਰੇ ਥਣਧਾਰੀਆਂ ਵਿੱਚੋਂ ਪ੍ਰਾਈਮੇਟ ਪਰਿਵਾਰ ਨਾਲ਼ ਸਬੰਧਿਤ ਜੀਵ ਹੈ। ਪ੍ਰਾਈਮੇਟ ਪਰਿਵਾਰ ਮੁੱਖ ਰੂਪ ਵਿੱਚ ਬਾਂਦਰ ਪਰਿਵਾਰ ਹੈ ਜਿਸ ਵਿੱਚ ਕੁੱਝ ਕਰੋੜ ਸਾਲ ਪਹਿਲਾਂ ਕੁੱਝ ਪੂੰਛਹੀਣ ਏਪ ਵਿਕਸਤ ਹੋਏ ਜੋ ਕਿ ਮਨੁੱਖ ਦੇ ਅਸਿੱਧੇ/ਸਿੱਧੇ ਪੂਰਵਜ ਸਨ। ਇਹ ਸਾਬਿਤ ਕਰਨ ਲਈ ਡਾਰਵਿਨ ਪਾਠ 3 ਅਤੇ 4 ਵਿੱਚ ਮਨੁੱਖਾਂ ਦੇ ਸਰੀਰ ਦੇ ਅੰਦਰੂਨੀ ਅਤੇ ਬਾਹਰੀ ਗੁਣਾ ਦਾ ਚਿੰਪੇਜੀ ਗੁਰੀਲਿਆਂ ਨਾਲ਼ ਤੁਲਨਾ ਕਰਦਾ ਹੈ। ਡਾਰਵਿਨ ਲਿਖਦਾ ਹੈ ਕਿ ਮਨੁੱਖ ਦੇ ਪਹਿਲੇ ਪੂਰਵਜ ਅਫਰੀਕਾ ਵਿੱਚ ਵਿਕਸਤ ਹੋਏ ਹਨ ਪਥਰਾਟਾਂ ਦੇ ਅਧਿਐਨ ਕਰਨ ਲਈ ਅਫਰੀਕਾ ਦੀ ਜਮੀਨ ਸਭ ਤੋਂ ਵੱਧ ਸੰਭਾਵਨਾ ਵਾਲ਼ੀ ਹੈ। ਇਸਤੋਂ ਬਾਅਦ ਵੀਹਵੀਂ ਸਦੀ ਵਿੱਚ ਅਫਰੀਕਾ ਦੇ ਇਥੋਪੀਆ, ਕੀਨਿਆ ਅਤੇ ਬਾਕੀ ਦੇਸ਼ਾਂ ਵਿੱਚੋਂ ਵੀ ਮਨੁੱਖ ਦੀਆਂ ਮੁਢਲੀਆਂ ਪੂਰਵਜ ਪ੍ਰਜਾਤੀ ਦੇ ਸੈਂਕੜੇ ਪਥਰਾਟ ਮਿਲ਼ੇ। ਜਿਸਨੇ ਇਹ ਸਵਾਲ ਹੱਲ ਕਰ ਦਿੱਤਾ ਕਿ ਮਨੁੱਖ ਵੀ ਪਸ਼ੂ-ਜਗਤ ਚੋਂ ਵਿਕਸਤ ਹੋਈ ਇੱਕ ਉੱਨਤ ਪ੍ਰਜਾਤੀ ਹੈ।

ਇਹ ਕਹਾਣੀ ਦਾ ਅੰਤ ਨਹੀਂ ਸਗੋਂ ਇੱਕ ਨਵੀਂ ਸ਼ੁਰੂਆਤ ਸੀ।

ਦ ਹਾਰਨੇਟ ਮੈਗਜੀਨ ਵਿੱਚ 22 ਮਾਰਚ, 1871 ਨੂੰ ਇੱਕ ਤਸਵੀਰ ਛਪਦੀ ਹੈ ਜਿਸ ਵਿੱਚ ਡਾਰਵਿਨ ਦਾ ਮਜਾਕ ਉਡਾਉਣ ਲਈ ਡਾਰਵਿਨ ਦੇ ਮੂੰਹ ਨਾਲ਼ ਬਾਂਦਰ ਦਾ ਸਰੀਰ ਲਗਾਇਆ ਜਾਂਦਾ ਹੈ। ਲੰਡਨ ਵਿੱਚ ਮਹੌਲ ਗਰਮਾਇਆ ਰਹਿੰਦਾ ਹੈ ਅਤੇ ਡਾਰਵਿਨ ਨੂੰ ਭੱਦੀਆਂ ਟਿਪਣੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਡਾਰਵਿਨ ਨੂੰ ਟਿੱਪਣੀਆਂ ਕੀਤੀਆਂ ਜਾਂਦੀਆਂ ਹਨ ਕਿ ਬਾਂਦਰ ਪੂਰਵਜਾਂ ਵਜੋਂ ਡਾਰਵਿਨ ਦੇ ਦਾਦਕਿਆਂ ਪਾਸਿਓ ਹਨ ਜਾਂ ਨਾਨਕਿਆਂ ਪਾਸਿਓਂ ਹਨ? ਪਰ ਇਹ ਬੁਖਲਾਹਟ ਡਾਰਵਿਨ ਦੇ ਲਹਿਰਾਏ ਪਰਚਮ ਦਾ ਤਰਕਹੀਣ ਜਵਾਬ ਸੀ ਜਿਸ ਨਾਲ਼ ਡਾਰਵਿਨਵਾਦ ਮਨੁੱਖ ਦੇ ਅਲੌਕਿਕ ਤੌਰ 'ਤੇ ਪੈਦਾ ਹੋਣ ਦੇ ਸਿਧਾਂਤ ਨੂੰ ਹੂੰਝ ਕੇ ਪਾਸੇ ਸੁੱਟ ਦਿੰਦਾ ਹੈ। ਇਹ ਵਿਗਿਆਨ ਦੇ ਨਵੇਂ ਸੰਘਰਸ਼ ਦਾ ਐਲਾਨ ਸੀ ਜੋ ਕਿ ਡਾਰਵਿਨ ਕਰ ਚੁੱਕਾ ਸੀ। ਭਵਿੱਖ ਵਿੱਚ ਵੀਹਵੀਂ ਅਤੇ ਇੱਕੀਵੀਂ ਸਦੀ ਦੇ ਵਿਗਿਆਨੀਆਂ ਮਨੁੱਖ ਦੇ ਆਦਿਮਾਨਵ ਪੂਰਵਜਾਂ ਦੇ ਪਥਰਾਟਾਂ ਨੂੰ ਲੱਭ-ਲੱਭ ਕੇ ਸਾਰੀ ਕਹਾਣੀ ਲਿਖ ਦੇਂਦੇ ਹਨ ਕਿ ਮਨੁੱਖ ਧਰਤੀ ਉੱਤੇ ਕਿਵੇਂ ਜਾਨਵਰਾਂ ਤੋਂ ਵੱਖ ਹੋਇਆ ਅਤੇ ਵਿਕਸਤ ਹੋਇਆ।

ਮਨੁੱਖ ਦੇ ਪੂਰਵਜ ਹੋਮੋ ਹੇਬਿਲਸ ਦੇ ਪਥਰਾਟ ਵੀ ਅਫਰੀਕਾ ਵਿੱਚ ਹੀ ਮਿਲ਼ੇ ਹਨ ਪਰ ਅਗਲੀ ਪ੍ਰਜਾਤੀ ਹੋਮੋ ਇਰੇਕਟਸ ਦੇ ਪਥਰਾਟ ਅਫਰੀਕਾ ਤੋਂ ਏਸ਼ੀਆ ਅਤੇ ਯੂਰਪ ਵਿੱਚ ਵੀ ਮਿਲ਼ਦੇ ਹਨ ਜੋ ਕਿ ਅਫਰੀਕਾ ਤੋਂ ਬਾਹਰ ਪ੍ਰਵਾਸ ਕਰਨ ਦਾ ਸੰਕੇਤ ਹੈ। ਅੰਤ ਵਿੱਚ ਮਨੁੱਖ ਦੀਆ ਬਹੁਤ ਕਰੀਬੀ ਪ੍ਰਜਾਤੀਆਂ ਹਨ ਜਿਵੇਂ ਕਿ ਹੋਮੋ ਨੈਂਡਰਥਲ, ਹੋਮੋ ਹੇਡਲਬਰਗੇਂਸਿਸ, ਹੋਮੋ ਫਲੋਰੇਸਿਏਂਸਿਸ ਜੋ ਕਿ ਲੁਪਤ ਹੋ ਚੁੱਕੀਆਂ ਹਨ, ਦੇ ਪਥਰਾਟ ਵੱਖ ਵੱਖ ਮਹਾਂਦੀਪਾਂ ਉੱਪਰ ਮਿਲ਼ਦੇ ਹਨ।

ਜਦੋਂ ਹੋਮੋ ਨੈਂਡਰਥਲ ਪ੍ਰਜਾਤੀ ਦੀ ਖੋਪੜੀ ਦਾ ਪਥਰਾਟ ਮਿਲ਼ਿਆ ਤਾਂ ਇਸਦਾ ਆਕਾਰ ਲੱਗਭੱਗ 1450 ਸੀ.ਸੀ. ਸੀ ਜੋ ਕਿ ਮਨੁੱਖ ਨਾਲ਼ੋ 200 ਸੀ.ਸੀ ਵੱਧ ਹੈ। ਇਸ ਪਥਰਾਟ ਬਾਰੇ ਰੁਡੋਲਫ ਵਿਰਚੋਅ ਨੇ ਕਿਹਾ ਕਿ ਇਹ ਤਾਂ ਕਿਸੇ ਬੀਮਾਰ ਮਨੁੱਖ ਦੀ ਪੁਰਣੀ ਖੋਪੜੀ ਹੈ ਜੋ ਕਿਸੇ ਬਿਮਾਰੀ ਕਰਕੇ ਵੱਡੀ ਹੋ ਗਈ ਹੈ। ਇਹ ਖੋਪੜੀ ਕਿਸੇ ਬਿਮਾਰ ਮਨੁੱਖ ਦੀ ਨਹੀਂ ਸੀ ਸਗੋਂ ਇਹ ਤਾਂ ਵਿਚਾਰਵਾਦ ਦੇ ਸਿਧਾਂਤ ਉੱਤੇ ਸੱਟ ਮਾਰਦੀ ਇੱਕ ਨਵੀਂ ਕੜੀ ਸੀ ਜਿਸਨੂੰ ਸਹਿਣਾ ਮੁਸ਼ਕਿਲ ਸੀ। (ਸੀਸੀ ਕਿਉਬਿਕ ਸੇਂਟੀਮੀਟਰ)

ਅੰਤ ਵਿੱਚ ਅਸੀਂ ਇਹ ਨਹੀਂ ਕਹਿ ਸਕਦੇ ਕਿ ਅੱਜ ਸੰਸਾਰ ਮਨੁੱਖ ਦੀ ਇਸ ਥਾਂ ਨੂੰ ਸਵੀਕਾਰ ਕਰ ਚੁੱਕਾ ਹੈ ਜਾਂ ਨਹੀਂ, ਸਗੋਂ ਅੱਜ ਵੀ ਵਿਗਿਆਨ ਅਤੇ ਅੰਧਵਿਸ਼ਵਾਸ਼ ਦੀ ਟੱਕਰ ਜਾਰੀ ਹੈ। ਵਿਗਿਆਨ ਅਨੁਸਾਰ ਸਾਰੇ ਮਨੁੱਖ ਹੋਮੋ ਸੇਪੀਅਨਜ਼ ਇੱਕੋ ਪ੍ਰਜਾਤੀ ਹਨ ਜੋ ਕਿ ਚਿੰਪੇਜੀਆਂ ਤੋਂ ਵੱਖ ਹੋਏ ਆਦਿ-ਮਾਨਵਾਂ ਤੋਂ ਵਿਕਸਤ ਹੋਏ ਹਨ। ਦੂਜੇ ਪਾਸੇ ਅੰਧਵਿਸ਼ਵਾਸ਼ ਅਨੁਸਾਰ ਮਨੁੱਖ ਇੱਕ ਪ੍ਰਜਾਤੀ ਨਹੀਂ ਸਗੋਂ ਵੱਖ-ਵੱਖ ਧਰਮਾਂ ਦੇ , ਜਾਂਤਾਂ ਦੇ ਜਾਂ ਨਸਲਾਂ ਦੇ ਹਨ ਅਤੇ ਇਹਨਾਂ ਹੀ ਵੰਡੀਆਂ ਨੇ ਬਹੁਤ ਕਤਲੇਆਮ ਕਰਵਾਏ ਹਨ। ਹਿਟਲਰ ਨੇ ਨਸਲੀ ਸ਼ੁੱਧਤਾ ਦੇ ਨਾਮ ਉੱਪਰ ਕਰੋੜਾਂ ਲੋਕਾਂ ਦਾ ਕਤਲੇਆਮ ਕੀਤਾ। ਇਸ ਲਈ ਅੱਜ ਹਰ ਵਿਦਿਆਰਥੀ ਲਈ ਮਨੁੱਖੀ ਵਿਗਾਸ ਨੂੰ ਪੜ੍ਹਨ ਅਤੇ ਸਮਝਣ ਦੀ ਆਪਣੀ ਸਾਰਥਿਕਤਾ ਹੈ।

• ਯੋਧਾ ਸਿੰਘ

ਪਾਠਕ ਮੰਚ

ਸੰਪਾਦਕ ਜੀ,

ਲਲਕਾਰ ਦਾ ਉਪਰੋਕਤ ਅੰਕ ਪੜ੍ਹਨ ਨੂੰ ਮਿਲ਼ਿਆ। ਜਿੱਥੇ ਬਦਲਵੇਂ ਇਮਾਨਦਾਰ ਮੀਡੀਆ ਦੀ ਲੋੜ ਵਜੋਂ ਅਖਬਾਰ ਦੀ ਕਾਰਗੁਜਾਰੀ ਪਹਿਲਾਂ ਨਾਲੋਂ ਸਦਾ ਵਧੇਰੇ ਉੱਪਰ ਵੱਲ ਜਾ ਰਹੀ ਹੈ, ਜਿਸ ਲਈ ਸਮੁੱਚਾ ਅਮਲਾ ਵਧਾਈ ਦਾ ਹੱਕਦਾਰ ਹੈ, ਓਥੇ ਹੀ ਮੈਂ ਇੱਕ ਪਾਠਕ/ਸ਼ੁਭਚਿੰਤਕ ਵਜੋਂ ਇਹਦੀ ਸਮੱਗਰੀ ਹੋਰ ਬਿਹਤਰ ਕਰਨ ਲਈ ਸੁਝਾਵਾਂ ਦੇ ਰੂਪ ਵਿੱਚ ਆਪਣਾ ਯੋਗਦਾਨ ਦੇਣਾ ਜਰੂਰੀ ਸਮਝਦਾਂ ਹਾਂ। ਮੇਰੇ ਖਿਆਲ ਵਿੱਚ ਕਿਸੇ ਵੀ ਅਦਾਰੇ ਨੂੰ ਹੋਰ ਵਿਕਸਤ ਕਰਨ ਲਈ ਚੰਗੇ ਲਈ ਪ੍ਰਸ਼ੰਸਾ ਅਤੇ ਜੋ ਕਮੀਆਂ ਰਹਿ ਗਈਆਂ ਹੋਣ ਓਹਨਾਂ ਲਈ ਸੁਝਾਅ, ਦੋਹਾਂ ਦੀ ਹੀ ਆਪਣੀ ਭੂਮਿਕਾ ਹੁੰਦੀ ਹੈ।

ਸਭ ਤੋਂ ਪਹਿਲਾਂ ਗੱਲ ਵਿਚਾਰਧਾਰਕ ਤੱਤਾਂ ਬਾਰੇ। 25 ਫਰਵਰੀ ਦੇ 'ਪ੍ਰਤੀਬੱਧ' ਦੀ ਕੰਧ 'ਤੇ ਹੇਠ ਲਿਖਿਆ ਬਿਆਨ ਆਉਂਦਾ ਹੈ, "ਅੱਜ ਕੱਲ੍ਹ ਦੇਸ਼ ਦੇ ਖਾਸ ਕਰਕੇ ਪੰਜਾਬ ਦੇ ਖੱਬੇ ਪੱਖੀ ਹਲਕਿਆਂ 'ਚ 'ਕਾਰਪੋਰੇਟ' ਟਰਮ ਬਹੁਤ ਪ੍ਰਚੱਲਤ ਹੋ ਗਈ ਹੈ। ਸ਼ਾਇਦ ਇਹ ਅਜਾਰੇਦਾਰੀ ਦੇ ਬਦਲ ਵਜੋਂ ਵਰਤੀ ਜਾ ਰਹੀ ਹੈ। ਕੀ ਮਾਰਕਸਵਾਦੀ ਸਿਆਸੀ ਆਰਥਿਕਤਾ 'ਚ ਸੁਪ੍ਰੀਭਾਸ਼ਿਤ ਅਤੇ ਸਥਾਪਤ ਟਰਮ 'ਅਜਾਰੇਦਾਰੀ' 'ਚ ਕੋਈ ਖੋਟ ਸੀ ਕਿ ਨਵੀਂ ਅਸੱਪਸ਼ਟ, ਅਪਰਿਭਾਸ਼ਿਤ ਟਰਮ ਤੋਰ ਲਈ ਗਈ ਹੈ?" ਪਰ ਇਤਫਾਕ ਬੱਸ 'ਲਲਕਾਰ' ਦੇ ਓਪਰੋਕਤ ਅੰਕ ਵਿੱਚ 'ਅਮਰੀਕਾ ਸਿਰ ਵਧਦਾ ਕਰਜਾ' ਲੇਖ ਵਿੱਚ ਸਾਡੇ ਦੁਆਰਾ ਵੀ ਸ਼ਬਦ 'ਕਾਰਪੋਰੇਟ' ਵਰਤਿਆ ਗਿਆ (ਅੱਗੇ ਵੀ ਕਈ ਜਗ੍ਹਾ, ਅਖਬਾਰ ਵਿੱਚ ਵਰਤਿਆ ਮਿਲ਼ ਜਾਂਦਾ ਹੈ)। ਸ਼ਾਇਦ ਇਹ ਗੱਲ ਉਂਝ ਮੇਰੇ ਧਿਆਨ ਵਿੱਚ ਨਾ ਆਉਂਦੀ, ਪਰ ਮਹੀਨੇ ਦੇ ਤੀਜੇ ਐਤਵਾਰ 'ਲਲਕਾਰ' 'ਤੇ ਕਰਾਈ ਜਾਂਦੀ ਖੁੱਲ੍ਹੀ ਵਾਰਤਾਲਾਪ 'ਚ ਇਹ ਸਵਾਲ ਕਿ ਕਾਰਪੋਰੇਟ ਕੀ ਹੁੰਦੇ ਹਨ, ਕਿਸੇ ਵੱਲੋਂ ਪੁੱਛ ਲਿਆ ਗਿਆ, ਤੇ ਮੇਰੇ ਧਿਆਨ 'ਚ ਰਹਿ ਗਿਆ।

ਇਸੇ ਤਰ੍ਹਾਂ ਏਸ ਤੋਂ ਪਿਛਲੇ ਅੰਕ ਵਿੱਚ ਬਿਲਕੁਲ ਆਖਰੀ ਸਫੇ 'ਤੇ ਛਪੇ ਲੇਖ ਵਿੱਚ ਫਾਸ਼ੀਵਾਦ ਬਾਰੇ ਇੱਕ ਵਾਕ ਦੀ ਵਿਆਖਿਆ ਕਿਸੇ ਪਾਠਕ ਵੱਲੋਂ ਪੁੱਛੀ ਗਈ, ਜੋ ਫਾਸ਼ੀਵਾਦ ਬਾਰੇ ਸਾਡੀ ਪਿਛਲੀ ਸਮਝ (ਜਿਸ ਤੋਂ ਸੁਖਵਿੰਦਰ ਦਾ 'ਪ੍ਰਤੀਬੱਧ' 'ਚ ਛਪਿਆ ਲੇਖ ਕਾਫੀ ਵੱਖਰੇ ਧਰਾਤਲ ਤੇ ਖੜ੍ਹਾ ਹੈ) ਦੀ ਤਰਜਮਾਨੀ ਕਰਦਾ ਸੀ।

ਬੇਸ਼ੱਕ 'ਲਲਕਾਰ' ਦਾ ਕੰਮ ਲੋਕਾਂ ਵਿੱਚ ਜਾਣਕਾਰੀ ਦੇ ਨਾਲ-ਨਾਲ ਨਵੇਂ ਲੇਖਕ ਪੈਦਾ ਕਰਨਾ ਵੀ ਹੈ, ਤਾਂ ਜੋ ਓਹਨਾਂ ਦੀ ਲਿਖਣ ਦੀ ਝਕ ਖੁੱਲ੍ਹੇ, ਪਰ ਦੋਹਾਂ ਵਿਚਾਲੇ ਵੱਧ ਤੋਂ ਵੱਧ ਸੰਭਵ ਹੱਦ ਤੱਕ ਤਾਲਮੇਲ ਬਣਾ ਕੇ ਰੱਖਿਆ ਜਾਵੇ ਤਾਂ ਬਿਹਤਰ ਹੋਵੇਗਾ।

ਦੂਸਰੀ ਗੱਲ, ਅਖਬਾਰ ਵਿੱਚ ਮੌਜੂਦ ਵਿਆਕਰਨਕ ਗਲਤੀਆਂ ਬਾਰੇ ਹੈ। ਪੰਨਾ ਨੰ.ਚਾਰ ਉੱਪਰ 'ਉਤਰਾਖੰਡ ਦਾ...' ਵਾਲੇ ਲੇਖ 'ਚ ਖਿਲਾਫ ਦੀ ਜਗ੍ਹਾ ਖਿਲਫ, ਪੰਨਾ ਪੰਜ ਉੱਪਰ 'ਸੰਘ ਦਾ ਮੁਸਲਿਮ...' ਵਾਲੇ 'ਚ ਰਾਸ਼ੀ ਦੀ ਜਗ੍ਹਾ ਰਾਸੀ, ਪੰਨਾ ਅੱਠ ਉੱਪਰ 'ਕੋਵਿਡ ਮਗਰੋਂ ...' ਵਾਲੇ 'ਚ ਨਿੱਜੀਕਰਨ ਦੀ ਜਗ੍ਹਾ ਨਿਜੀਕਰਨ, ਇੱਕ ਜਗ੍ਹਾ ਕੁਸ਼ਤੀ ਸੰਘ ਦੇ ਸਾਬਕਾ ਪ੍ਰਧਾਨ 'ਬ੍ਰਿਜ ਭੂਸਣ' ਦੀ ਜਗ੍ਹਾ 'ਬ੍ਰਿਜ ਮੋਹਨ' ਸ਼ਬਦ ਵਰਤਿਆ ਗਿਆ ਹੈ। ਅਜਿਹੀਆਂ ਦਰੁਸਤੀਆਂ ਜਿੰਨੀਆਂ ਵੱਧ ਤੋਂ ਵੱਧ ਸੰਭਵ ਹੱਦ ਤੱਕ ਹੋ ਸਕਣ, ਅਖਬਾਰ ਦੀ ਦਿੱਖ ਲਈ ਠੀਕ ਰਹੇਗਾ।

- ਤੁਹਾਡਾ ਸ਼ੁਭਚਿੰਤਕ,
ਕੁਲਦੀਪ ਗੋਲਡੀ

ਕੁਲਦੀਪ ਜੀ, 'ਲਲਕਾਰ' ਅਦਾਰੇ ਵੱਲੋਂ ਅਸੀਂ ਹਮੇਸ਼ਾ ਪਾਠਕਾਂ ਦੇ ਸੁਝਾਵਾਂ, ਸਵਾਲਾਂ ਦਾ ਸਵਾਗਤ ਕਰਦੇ ਹਾਂ। ਇਸ ਲਈ ਅਖਬਾਰ ਵਿੱਚ ਛਪਦੇ ਲੇਖਾਂ ਬਾਰੇ ਆਪਣੇ ਵਿਚਾਰ ਸਾਨੂੰ ਜਰੂਰ ਨਿਯਮਿਤ ਭੇਜਦੇ ਰਿਹਾ ਕਰੋ।

ਤੁਸੀਂ 'ਲਲਕਾਰ' ਵਿੱਚ ਸ਼ਬਦ ਅਸ਼ੁੱਧੀਆਂ ਵੱਲ ਜੋ ਧਿਆਨ ਦਵਾਇਆ ਹੈ ਉਹ ਬਿਲਕੁਲ ਵਾਜਬ ਹੈ ਤੇ ਅਸੀਂ ਆਪਣੀ ਗਲਤੀ ਮੰਨਦੇ ਹੋਏ ਅਗਲੇ ਅੰਕਾਂ ਵਿੱਚ ਸ਼ਬਦ ਅਸ਼ੁੱਧੀਆਂ ਦੂਰ ਕਰਨ ਦਾ ਪੂਰਾ ਯਤਨ ਕਰਾਂਗੇ।

ਤੁਸੀਂ ਦੂਸਰਾ ਸਵਾਲ ਕਾਰਪੋਰੇਟ ਟਰਮ ਬਾਬਤ ਪੁੱਛਿਆ ਹੈ। ਅਸੀਂ ਕਾਰਪੋਰੇਟ ਇਸਤਲਾਹ ਉਹਨਾਂ ਹੀ ਅਰਥਾਂ ਵਿੱਚ ਵਰਤਿਆ ਹੈ ਜਿਹਨਾਂ ਅਰਥਾਂ ਵਿੱਚ ਇਸ ਨੂੰ ਆਮ ਕੰਪਨੀ, ਟਰੱਸਟ ਜਾਂ ਪਾਰਟਨਰਸ਼ਿਪ ਤੋਂ ਵਖਰਾਉਣ ਲਈ ਵਰਤਿਆ ਜਾਂਦਾ ਹੈ। ਇਸੇ ਤਰ੍ਹਾਂ "ਅਮਰੀਕਾ ਸਿਰ ਵਧਦਾ ਕਰਜਾ" ਲੇਖ ਵਿੱਚ ਜਿਸ ਕਾਰਪੋਰੇਟ ਟੈਕਸ ਦੀ ਗੱਲ ਕੀਤੀ ਹੈ ਉਹ ਵੀ ਸਰਮਾਏਦਾਰਾਂ ਵਿੱਚੋਂ ਖਾਸ ਸਰਮਾਏਦਾਰਾਂ ਜਾਣੀ ਵੱਡੇ ਜਾਂ ਅਜਾਰੇਦਾਰ ਸਰਮਾਏਦਾਰਾਂ ਉੱਪਰ ਲਗਦੇ ਟੈਕਸ ਦੀ ਗੱਲ ਹੈ। ਆਪਣੇ ਆਪ ਵਿੱਚ ਕਾਰਪੋਰੇਟ ਜਾਂ ਕਾਰਟਲ ਜਾਂ ਟਰੱਸਟ ਸਰਮਾਏਦਾਰੀ ਤੋਂ ਵੱਖਰਾ ਵਰਤਾਰਾ ਨਹੀਂ (ਜਿਸ ਤਰ੍ਹਾਂ ਕਈ ਹਲਕਿਆਂ ਵੱਲੋਂ ਪੇਸ਼ ਕੀਤਾ ਜਾਂਦਾ ਹੈ) ਸਗੋਂ ਇਹ ਸਰਮਾਏਦਾਰੀ ਦੇ ਅਜੋਕੇ ਸਾਮਰਾਜੀ ਦੌਰ ਦੇ ਹੀ ਲਖਣਾਇਕ ਮਾਲਕੀ ਰੂਪ ਹਨ।

ਤੀਸਰਾ, ਤੁਹਾਡੇ ਵੱਲੋਂ ਫਾਸ਼ੀਵਾਦ ਬਾਰੇ ਪੁੱਛਿਆ ਸਵਾਲ ਸਪੱਸ਼ਟ ਨਹੀਂ ਹੋ ਸਕਿਆ, ਜੇ ਅਗਲੀ ਵਾਰੀ ਇਸ ਨੂੰ ਵਧੇਰੇ ਸਟੀਕ ਕਰਕੇ ਲਿਖੋਗੇ ਤਾਂ ਠੀਕ ਰਹੇਗਾ।

ਚੌਥਾ, 'ਲਲਕਾਰ' ਤੇ 'ਪ੍ਰਤੀਬੱਧ' ਦੋ ਵੱਖੋ ਵੱਖਰੇ ਅਦਾਰੇ ਹਨ। ਇਸ ਲਈ ਜੇ ਤੁਹਾਨੂੰ 'ਪ੍ਰਤੀਬੱਧ' ਵਿੱਚ ਛਪੇ ਕਿਸੇ ਲੇਖ ਬਾਰੇ ਸਪੱਸ਼ਟੀਕਰਨ ਚਾਹੀਦਾ ਹੈ ਤਾਂ ਤੁਸੀਂ ਸਬੰਧਿਤ ਅਦਾਰੇ ਨਾਲ਼ ਹੀ ਗੱਲ ਕਰੋ ਤਾਂ ਫਾਇਦਾ ਹੋਵੇਗਾ।

ਸਵਾਲ ਭੇਜਕੇ ਅਦਾਰੇ ਦੀ ਹੌਂਸਲਾ ਅਫਜਾਈ ਲਈ ਮੁੜ ਧੰਨਵਾਦ ਕਰਦਿਆਂ ਅਸੀਂ ਫੇਰ ਤਾਕੀਦ ਕਰਾਂਗੇ ਕਿ 'ਲਲਕਾਰ' ਬਾਰੇ ਆਪਣੇ ਕੀਮਤੀ ਸੁਝਾਅ, ਸਵਾਲ ਭੇਜਦੇ ਰਹੋਗੇ। **- ਸੰਪਾਦਕ**

ਕੌਮਾਂਤਰੀ ਮਜਦੂਰ ਔਰਤ ਦਿਹਾੜੇ 'ਤੇ ਕਰਵਾਏ ਗਏ ਵੱਖ-ਵੱਖ ਪ੍ਰੋਗਰਾਮ

ਬੀਤੀ 8 ਮਾਰਚ ਨੂੰ ਕੌਮਾਂਤਰੀ ਮਜਦੂਰ ਔਰਤ ਦਿਹਾੜਾ ਸੀ। ਇਹ ਦਿਨ ਹੱਕ, ਅਜਾਦੀ, ਬਰਾਬਰੀ ਅਤੇ ਲੁੱਟ-ਜਬਰ ਅਤੇ ਬੇਇਨਸਾਫੀ ਵਿਰੁੱਧ ਔਰਤ ਮਜਦੂਰਾਂ ਦੇ ਲਗਾਤਾਰ ਸੰਘਰਸ਼ ਦਾ ਪ੍ਰਤੀਕ ਹੈ। ਇਸ ਦਿਹਾੜੇ ਦੇ ਸਬੰਧ ਵਿੱਚ ਵੱਖ-ਵੱਖ ਮਜਦੂਰ-ਨੌਜਵਾਨ-ਵਿਦਿਆਰਥੀ ਜਥੇਬੰਦੀਆਂ ਵੱਲੋਂ ਵੱਖ-ਵੱਖ ਥਾਵਾਂ 'ਤੇ ਪ੍ਰੋਗਰਾਮ ਕੀਤੇ ਗਏ।

'ਕਾਰਖਾਨਾ ਮਜਦੂਰ ਯੂਨੀਅਨ, ਪੰਜਾਬ' ਵੱਲੋਂ 10 ਮਾਰਚ ਨੂੰ ਰਾਜੀਵ ਗਾਂਧੀ ਕਲੋਨੀ ਲੁਧਿਆਣਾ ਵਿਖੇ ਝੰਡਾ ਮਾਰਚ ਕੱਢਿਆ ਗਿਆ। ਯੂਨੀਅਨ ਦੀ ਸਕੱਤਰ ਕਲਪਨਾ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਮਜਦੂਰ ਔਰਤਾਂ ਦੀਆਂ ਵਿਸ਼ੇਸ਼ ਮੰਗਾਂ – ਬਰਾਬਰ ਕੰਮ ਲਈ ਬਰਾਬਰ ਤਨਖਾਹ, ਕੰਮ ਵਾਲੀਆਂ ਥਾਵਾਂ 'ਤੇ ਸੁਰੱਖਿਆ ਦੀ ਗਰੰਟੀ ਆਦਿ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਅੱਜ ਜੋ ਸਮਾਜ ਔਰਤਾਂ ਨੂੰ ਦੂਜੇ ਦਰਜੇ ਦਾ ਨਾਗਰਿਕ ਮੰਨਦਾ ਹੈ, ਉੱਥੇ ਕਿਰਤੀ ਔਰਤਾਂ ਨੂੰ ਆਪਣੇ ਹੱਕਾਂ ਨੂੰ ਸਮਝ ਕੇ ਸਮਾਜ ਨੂੰ ਬਦਲਣ ਲਈ ਅੱਗੇ ਆਉਣਾ ਪਵੇਗਾ। ਅੱਜ, ਕੋਈ ਵੀ ਸਮਾਜਿਕ ਤਬਦੀਲੀ ਔਰਤਾਂ ਦੇ ਜਾਗਰੂਕ ਹੋਣ ਅਤੇ ਉਨ੍ਹਾਂ ਦੇ ਸੰਘਰਸ਼ਾਂ ਵਿੱਚ ਸ਼ਾਮਲ ਹੋਣ ਤੋਂ ਬਿਨਾਂ ਸੰਪੂਰਨ ਨਹੀਂ ਹੋਵੇਗੀ। ਇਸ ਦੌਰਾਨ ਸਾਥੀ ਰਮੇਸ਼ ਨੇ ਗੀਤ ਪੇਸ਼ ਕੀਤੇ।

'ਟੈਕਸਟਾਈਲ-ਹੌਜ਼ਰੀ ਕਾਮਗਾਰ ਯੂਨੀਅਨ, ਪੰਜਾਬ' ਵੱਲੋਂ ਮਜਦੂਰ ਲਾਇਬ੍ਰੇਰੀ, ਈ.ਡਬਲਿਊ.ਐਸ. ਕਲੋਨੀ ਵਿਖੇ 10 ਮਾਰਚ ਨੂੰ ਵਿਚਾਰ ਗੋਸ਼ਟੀ ਕਰਵਾਈ ਗਈ। ਬਲਜੀਤ ਕੌਰ ਨੇ 'ਨਾਵੀਂ ਸਵੇਰ ਪਾਠਸ਼ਾਲਾ' ਵੱਲੋਂ ਮੁੱਖ ਬੁਲਾਰੇ ਵਜੋਂ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਔਰਤਾਂ ਦੀ ਸ਼ਮੂਲੀਅਤ ਤੋਂ ਬਿਨਾਂ ਕੋਈ ਵੀ ਸਮਾਜਿਕ ਤਬਦੀਲੀ ਨਹੀਂ ਆ ਸਕਦੀ। ਔਰਤਾਂ ਕੁੱਲ ਅਬਾਦੀ ਦਾ ਅੱਧਾ ਹਿੱਸਾ ਬਣਦੀਆਂ ਹਨ, ਪਰ ਉਹ ਅੱਜ ਵੀ ਸਮਾਜ ਵਿੱਚ ਦੂਜੇ ਦਰਜੇ ਦੇ ਨਾਗਰਿਕ ਵਜੋਂ ਵਿਚਰ ਰਹੀਆਂ ਹਨ। ਅੱਜ ਜਰੂਰੀ ਹੈ ਕਿ ਔਰਤਾਂ ਆਪਣੇ ਮਹਾਨ ਇਤਿਹਾਸ ਬਾਰੇ ਜਾਣ ਕੇ ਇਸ ਬੇਇਨਸਾਫੀ ਵਾਲ਼ੇ ਸਮਾਜ ਨੂੰ ਬਦਲਣ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਮਜਦੂਰ ਔਰਤਾਂ ਨੂੰ ਮਰਦਾਂ ਦੇ ਬਰਾਬਰ ਮਜਦੂਰ ਜਥੇਬੰਦੀਆਂ ਵਿੱਚ ਸਰਗਰਮ ਹੋਣਾ ਚਾਹੀਦਾ ਹੈ ਅਤੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣਾ ਚਾਹੀਦਾ ਹੈ। ਵਿਚਾਰ ਚਰਚਾ ਵਿੱਚ ਨੌਜਵਾਨ ਭਾਰਤ ਸਭਾ ਵੱਲੋਂ ਇਨਕਲਾਬੀ ਗੀਤ ਵੀ ਪੇਸ਼ ਕੀਤੇ ਗਏ।

'ਨੌਜਵਾਨ ਭਾਰਤ ਸਭਾ' ਅਤੇ 'ਕਾਰਖਾਨਾ ਮਜਦੂਰ ਯੂਨੀਅਨ' ਵੱਲੋਂ 10 ਮਾਰਚ ਨੂੰ ਹੱਲੋਮਾਜਰਾ ਸਥਿਤ ਸਾਵਿਤਰੀਬਾਈ ਫੂਲੇ ਲਾਇਬ੍ਰੇਰੀ ਵਿੱਚ ਫਿਲਮ 'ਭਵੰਡਰ' ਦਿਖਾਈ ਗਈ, ਜੋ ਕਿ ਰਾਜਸਥਾਨ ਦੀ ਇੱਕ ਸੱਚੀ ਘਟਨਾ 'ਤੇ ਅਧਾਰਿਤ ਹੈ। ਫਿਲਮ ਤੋਂ ਬਾਅਦ ਮਜਦੂਰ ਔਰਤਾਂ ਅਤੇ ਮੁਟਿਆਰਾਂ ਨੇ ਅੱਜ ਔਰਤਾਂ ਦੀ ਸਥਿਤੀ ਬਾਰੇ ਚਰਚਾ ਕੀਤੀ। ਉਨ੍ਹਾਂ ਆਪਣੇ ਤਜਰਬਿਆਂ ਦਾ ਵਰਣਨ ਕਰਦਿਆਂ ਕਿਹਾ ਕਿ ਇੱਕ ਪਾਸੇ ਤਾਂ ਉਹ ਕੰਮ ਦਾ ਦੋਹਰਾ ਬੋਝ ਝੱਲਣ ਲਈ ਮਜਬੂਰ ਹਨ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਫੈਕਟਰੀਆਂ ਅਤੇ ਘਰਾਂ ਵਿੱਚ ਕੰਮ ਕਰਦਿਆਂ ਕਈ ਬੁਰੀਆਂ ਨਜਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਥੋਂ ਤੱਕ ਕਿ ਮੈਨੇਜਮੈਂਟ ਵੀ ਔਰਤਾਂ ਲਈ ਸੁਰੱਖਿਆ ਦੇ ਪ੍ਰਬੰਧ ਨਹੀਂ ਕਰਦੀ। ਇਸ ਤੋਂ ਇਲਾਵਾ, ਕੰਮ ਤੋਂ ਕੱਢੇ ਜਾਣ ਦੇ ਡਰ ਕਾਰਨ ਕਈਆਂ ਨੂੰ ਭੱਦੇ ਮਜਾਕ ਵੀ ਸਹਿਣੇ ਪੈਂਦੇ













ਹਨ। ਉਨ੍ਹਾਂ ਹੱਲੋਮਾਜਰਾ ਵਿੱਚ ਜਥੇਬੰਦੀ ਦੀ ਮਹੱਤਤਾ ਨੂੰ ਸਮਝਦਿਆਂ ਕਿਹਾ ਕਿ ਪਹਿਲਾਂ ਇੱਥੇ ਕਈ ਹਾਦਸੇ ਵਾਪਰਦੇ ਸਨ ਪਰ ਲੋਕ ਚੁੱਪ ਰਹਿੰਦੇ ਸਨ, ਹੁਣ ਜਥੇਬੰਦੀ ਦੀ ਹੋਂਦ ਕਾਰਨ ਔਰਤਾਂ ਵੀ ਨਿਡਰ ਹੋ ਕੇ ਬੋਲਣ ਦੇ ਸਮਰੱਥ ਹਨ। ਛੇੜਛਾੜ ਅਤੇ ਟਿੱਪਣੀਆਂ ਵੀ ਕਾਫੀ ਘੱਟ ਗਈਆਂ ਹਨ। ਉਨ੍ਹਾਂ ਇਸ ਗੱਲ 'ਤੇ ਵੀ ਜੋਰ ਦਿੱਤਾ ਕਿ ਚੰਗੇ ਸਮਾਜ ਦੀ ਸਿਰਜਣਾ ਤਾਂ ਹੀ ਹੋ ਸਕਦੀ ਹੈ ਜਦੋਂ ਮਰਦ ਅਤੇ ਔਰਤਾਂ ਮਿਲ਼ ਕੇ ਕਦਮ ਨਾਲ਼ ਕਦਮ ਮਿਲ਼ਾ ਕੇ ਕੰਮ ਕਰਨ ਅਤੇ ਸੋਸ਼ਣ ਮੁਕਤ ਸਮਾਜ ਦੀ ਸਿਰਜਣਾ ਕਰਨ।

'ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ)' ਵੱਲੋਂ 08 ਮਾਰਚ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ 'ਮੌਜੂਦਾ ਸਮੇਂ ਵਿੱਚ ਔਰਤ ਮੁਕਤੀ ਦਾ ਸਵਾਲ' ਵਿਸ਼ੇ 'ਤੇ ਵਿਚਾਰ ਗੋਸ਼ਟੀ ਕਰਵਾਈ ਗਈ। ਪੰਜਾਬੀ ਮਾਰਕਸਵਾਦੀ ਮੈਗਜੀਨ 'ਪ੍ਰਤੀਬੱਧ' ਦੇ ਸੰਪਾਦਕ ਸੁਖਵਿੰਦਰ ਨੇ ਮੁੱਖ ਬੁਲਾਰੇ ਵਜੋਂ ਵਿਚਾਰ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਔਰਤ ਦੀ ਗੁਲਾਮੀ ਦਾ ਮੁੱਖ ਕਾਰਨ ਨਿੱਜੀ ਜਾਇਦਾਦ ਹੈ, ਇਸ ਦਾ ਖਾਤਮਾ ਹੀ ਔਰਤਾਂ ਨੂੰ ਅਜਾਦ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਘਰੇਲੂ ਕੰਮਾਂ ਦੇ ਸਮਾਜੀਕਰਨ ਦੀ ਲੋੜ ਹੈ ਤਾਂ ਜੋ ਔਰਤਾਂ ਇਸ ਬੋਝ ਤੋਂ ਛੁਟਕਾਰਾ ਪਾ ਸਕਣ। ਉਨ੍ਹਾਂ ਕਿਹਾ ਕਿ ਇਸ ਲਈ ਸਰਮਾਏਦਾਰਾ ਪੈਦਾਵਾਰੀ ਸਬੰਧਾਂ ਨੂੰ ਖਤਮ ਕਰਨਾ ਜਰੂਰੀ ਹੈ।

'ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ)' ਵੱਲੋਂ 8 ਮਾਰਚ ਨੂੰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਦਸਤਾਵੇਜੀ ਫਿਲਮ 'ਇੱਜਤ ਨਗਰ ਕੀ ਅਸੱਭਿਆ ਬੇਟੀਆਂ' ਵਿਖਾਈ ਗਈ। ਇਹ ਫਿਲਮ ਦਿਖਾਉਂਦੀ ਹੈ ਕਿ ਕਿਵੇਂ ਸਮਾਜ ਅਤੇ ਪਰਿਵਾਰ ਦੁਆਰਾ ਔਰਤਾਂ 'ਤੇ ਲਗਾਈਆਂ ਗਈਆਂ ਪਬੰਦੀਆਂ ਉਨ੍ਹਾਂ ਦੇ ਸੁਪਨਿਆਂ, ਉਮੀਦਾਂ ਅਤੇ ਇੱਛਾਵਾਂ ਨੂੰ ਦਬਾਉਂਦੀਆਂ ਹਨ, ਉਨ੍ਹਾਂ ਨੂੰ ਗੁਲਾਮੀ ਵਿੱਚ ਰਹਿਣ ਲਈ ਮਜਬੂਰ ਕਰਦੀਆਂ ਹਨ। ਫਿਲਮ 'ਚ ਖਾਪ ਪੰਚਾਇਤਾਂ ਦੁਆਰਾ "ਇੱਜਤ" ਲਈ ਕੀਤੇ ਕਤਲ ਦੀਆਂ ਸੱਚੀਆਂ ਘਟਨਾਵਾਂ ਦਿਖਾਈਆਂ ਗਈਆਂ ਹੈ। ਰੂੜ੍ਹੀਵਾਦ ਦੇ ਬੰਧਨਾਂ ਨੂੰ ਤੋੜ ਕੇ ਆਦੀ ਨਾਲ਼ ਆਪਣੀ ਜਿੰਦਗੀ ਦਾ ਰਾਹ ਚੁਣਨ ਲਈ ਕਈ ਔਰਤਾਂ ਦੇ ਸੰਘਰਸ਼ ਨੂੰ ਵੀ ਦਿਖਾਇਆ ਗਿਆ ਹੈ। ਫਿਲਮ ਦੇਖਣ ਤੋਂ ਬਾਅਦ ਵਿਦਿਆਰਥੀਆਂ ਨੇ ਫਿਲਮ ਦੇ ਵੱਖ-ਵੱਖ ਪੱਖਾਂ 'ਤੇ ਵਿਆਪਕ ਚਰਚਾ ਕੀਤੀ।

'ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ)' ਵੱਲੋਂ ਅੰਮ੍ਰਿਤਸਰ ਵਿਖੇ 6 ਅਤੇ 7 ਮਾਰਚ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਪੋਸਟਰ ਅਤੇ ਪੁਸਤਕ ਪ੍ਰਦਰਸ਼ਨੀ ਲਗਾਈ ਗਈ। 7 ਮਾਰਚ ਨੂੰ 'ਪਿੱਤਰਸੱਤ੍ਹਾ ਅਤੇ ਔਰਤਾਂ ਦੀ ਅਜਾਦੀ-ਬਰਾਬਰੀ ਦਾ ਸਵਾਲ' ਵਿਸ਼ੇ 'ਤੇ ਵਿਚਾਰ ਗੋਸ਼ਟੀ ਕਰਵਾਈ ਗਈ। ਰਵਿੰਦਰ ਨੇ ਮੁੱਖ ਬੁਲਾਰੇ ਵਜੋਂ ਸੰਬੋਧਨ ਕੀਤਾ। ਉਨ੍ਹਾਂ ਮੌਜੂਦਾ ਸਰਮਾਏਦਾਰਾ ਪ੍ਰਬੰਧ ਵਿੱਚ ਮਰਦ ਪ੍ਰਧਾਨ ਮਾਨਸਿਕਤਾ, ਦੋਹਰੀ ਗੁਲਾਮੀ, ਔਰਤਾਂ ਦੀ ਜਿਣਸੀਕਰਨ ਅਤੇ ਉਨ੍ਹਾਂ 'ਤੇ ਕੀਤੇ ਜਾ ਰਹੇ ਤਰ੍ਹਾਂ-ਤਰ੍ਹਾਂ ਦੇ ਜੁਲਮਾਂ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਔਰਤਾਂ ਦਾ ਸਵਾਲ ਨਿੱਜੀ ਜਾਇਦਾਦ ਨੂੰ ਖਤਮ ਕਰਕੇ ਹੀ ਹੱਲ ਕੀਤਾ ਜਾ ਸਕਦਾ ਹੈ।

'ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ)' ਵੱਲੋਂ 9 ਮਾਰਚ ਨੂੰ ਸਰਕਾਰੀ ਰਜਿੰਦਰਾ ਕਾਲਜ, ਬਠਿੰਡਾ ਵਿਖੇ 'ਅਜੋਕੇ ਸਮੇਂ 'ਚ ਨਾਰੀ ਮੁਕਤੀ ਦਾ ਸਵਾਲ' ਵਿਸ਼ੇ 'ਤੇ ਵਿਚਾਰ ਚਰਚਾ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਔਰਤ ਸਵਾਲ ਕੀ ਹੈ? ਪਿੱਤਰਸੱਤ੍ਹਾ ਕੀ ਹੈ? ਅੱਜ ਦੇ ਮੁਨਾਫੇ 'ਤੇ ਟਿਕੇ ਢਾਂਚੇ ਨੇ ਔਰਤਾਂ ਨੂੰ ਦੋਹਰੀ ਗੁਲਾਮੀ ਅਤੇ ਵਸਤੂ ਕਿਵੇਂ ਬਣਾਇਆ ਅਤੇ ਇਸ ਦਾ ਹੱਲ ਕੀ ਹੈ? ਬਾਰੇ ਭਰਵੀਂ ਗੱਲਬਾਤ ਕੀਤੀ। ਅੰਤ ਵਿਦਿਆਰਥੀਆਂ ਨੇ ਸਵਾਲ ਜਵਾਬ ਵੀ ਕੀਤੇ। ਇਸ ਵਿਚਾਰ ਚਰਚਾ ਦੀ ਸ਼ੁਰੂਆਤ ਰੁਪਿੰਦਰ ਨੇ ਪਾਸ਼ ਦੀ ਕਵਿਤਾ 'ਚਿੜੀਆਂ ਦਾ ਚੰਬਾ' ਨਾਲ਼ ਕੀਤੀ ਅਤੇ ਹਰਮਨ ਨੇ 'ਫੁੱਲਾਂ ਵਰਗੀਓ ਕੁੜੀਓ' ਗਾਣਾ ਗਾਇਆ। ਮੰਚ ਸੰਚਾਲਨ ਦੀ ਭੂਮਿਕਾ ਸਾਥੀ ਪਰਮਿੰਦਰ ਅਤੇ ਮੁੱਖ ਬੁਲਾਰੇ ਦੀ ਭੂਮਿਕਾ ਸਾਥੀ ਰਵਿੰਦਰ ਨੇ ਨਿਭਾਈ। 11 ਮਾਰਚ ਇਸੇ ਕਾਲਜ 'ਚ ਪੋਸਟਰ ਗੈਲਰੀ ਲਗਾਈ ਗਈ। ਜਿਸ ਵਿੱਚ ਵਿਦਿਆਰਥੀਆਂ ਨਾਲ਼ ਔਰਤ ਦਿਵਸ ਦੇ ਇਤਿਹਾਸ ਅਤੇ ਅੱਜ ਦੇ ਸਮੇਂ ਮਜਦੂਰ ਔਰਤ ਦਿਹਾੜੇ ਨੂੰ ਮਨਾਉਣ ਦੇ ਮਹੱਤਵ ਬਾਰੇ ਗੱਲ ਬਾਤ ਕੀਤੀ ਗਈ।•

ਆਸ ਰੱਖਦੇ ਹਨ

- ਪਾਸ਼

(23 ਮਾਰਚ ਸ਼ਹੀਦੀ ਦਿਹਾੜੇ ਮੌਕੇ)

ਵੱਟੋ ਵੱਟ ਹੋ ਜਾਂਦੀ ਹੈ-
ਆਲਮ ਦੀ ਸਿਆਹ ਚਾਦਰ
ਜਦ ਵਿਹੜੇ ਵਿੱਚ ਕੁੱਕੜ ਦੀ ਬਾਂਗ ਛਣਕ
ਉਠਦੀ ਹੈ
ਗੀਤ ਆਲ੍ਹਣਿਆਂ 'ਚੋਂ ਨਿਕਲ ਕੇ ਬਾਹਰ
ਆਉਂਦੇ ਹਨ
ਤੇ ਹਵਾ ਵਿੱਚ ਖੁਰਚ ਦਿੰਦੇ ਹਨ
ਸ਼ਹੀਦਾਂ ਦੇ ਅਮਿੱਟ ਚਿਹਰੇ,
ਮਿੱਟੀ ਦਾ ਸਭ ਤੋਂ ਸੁਹਾਣਾ ਸਫਰ।

ਚਾਨਣ ਦੀ ਪਹਿਲੀ ਸ਼ੁਆ ਸੰਗ
ਫੈਲਦੀਆਂ ਹਨ ਇਸ ਕਦਰ ਤਸਵੀਰਾਂ
ਕਿ ਕਿਸੇ ਦੇਸ਼ ਭਗਤ ਯਾਦਗਾਰ ਹਾਲ ਦੀ
ਮਜਬੂਰ ਵਲਗਣ 'ਤੇ
ਬੇਪਰਵਾਹ ਹੱਸਦਾ ਹੈ ਤਸਵੀਰਾਂ ਦਾ ਆਕਾਰ।

ਤੁਸੀਂ ਜਦ ਵੀ ਕਿਸੇ ਨੂੰ ਨਮਸਕਾਰ ਕਰਦੇ ਹੋ
ਜਾਂ ਹੱਥ ਮਿਲਾਉਂਦੇ ਹੋ
ਉਨ੍ਹਾਂ ਦੇ ਬੁੱਲ੍ਹਾਂ ਤੋਂ ਤਿੜਕੀ ਹੋਈ ਮੁਸਕਰਾਹਟ
ਤੁਹਾਡੀ ਪ੍ਰਕਰਮਾ ਕਰਦੀ ਹੈ
ਤੁਸੀਂ ਜਦ ਕਿਤਾਬਾਂ ਪੜ੍ਹਦੇ ਹੋ
ਤਾਂ ਅੱਖਰਾਂ 'ਤੇ ਫੈਲ ਜਾਂਦੇ ਹਨ
ਉਨ੍ਹਾਂ ਦੇ ਅਮਲ ਅਤੇ ਸਿੱਖਿਆਵਾਂ,


ਜਦ ਸਮਾਜ ਦੇ ਕੁਰਖਤ ਸੀਨੇ 'ਤੇ
ਹੁੰਦਾ ਹੈ ਛਵੀਆਂ ਦਾ ਨਾਚ
ਜਦ ਤੱਤੇ ਲਹੂ ਬੱਕਰੇ ਬੁਲਾਉਂਦੇ ਹਨ
ਜਾਂ ਜਦ ਢਿੱਡ ਦੀ ਗੁੜਗੁੜਾਹਟ ਨਾਅਰਾ
ਬਣਦੀ ਹੈ
ਤਾਂ ਕਦੀ ਰੋਂਦੇ ਕਦੀ ਮੁਸਕਰਾਉਂਦੇ ਹਨ
-ਸਲੀਬ ਦੇ ਗੀਤ

ਤੁਹਾਡੇ ਕੋਲ ਚੌਅ ਹੈ ਜਾਂ ਖਰਾਦ ਦੀ ਹੱਥੀ
ਤੁਹਾਡੇ ਪੈਰਾਂ 'ਚ ਸਵੇਰ ਹੈ ਜਾਂ ਸ਼ਾਮ
ਤੁਹਾਡੇ ਅੰਗ-ਸੰਗ ਤੁਹਾਡੇ ਸ਼ਹੀਦ
ਤੁਹਾਥੋਂ ਕੋਈ ਆਸ ਰੱਖਦੇ ਹਨ
•

Tabdili Pasand Naujwana Di Lalkaar ♦ RNI no.- PUNPUN/2012/44031 ♦ Fortnightly ♦ Publication city – Fatehgarh Sahib, Punjab Volume–13 ♦ Issue no - 3 ♦ Issue Date- 16-31 March 2024 ♦ Price – Rs. 10/-

ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਸ਼ਹੀਦੀ ਵਰ੍ਹੇਗੰਢ ਮੌਕੇ

ਲੋਕ ਪੁੱਗਤ ਵਾਲ਼ਾ ਸਮਾਜ ਸਿਰਜਣ ਲਈ ਕੋਸ਼ਿਸ਼ਾਂ ਤੇਜ ਕਰਨ ਦਾ ਪ੍ਰਣ ਲਈਏ !



ਆਉਣ ਵਾਲ਼ੀ 23 ਮਾਰਚ ਨੂੰ ਅੰਗਰੇਜ ਬਸਤੀਵਾਦੀਆਂ ਤੋਂ ਅਜਾਦੀ ਦੀ ਲਹਿਰ ਦੇ ਸ਼੍ਰੋਮਣੀ ਸ਼ਹੀਦ, ਸ਼ਹੀਦ ਭਗਤ ਸਿੰਘ- ਰਾਜਗੁਰੂ- ਸੁਖਦੇਵ ਦੀ ਸ਼ਹੀਦੀ ਵਰ੍ਹੇਗੰਢ ਹੈ। ਅੱਜ ਭਾਰਤ ਦੀ ਇਨਕਲਾਬੀ ਲਹਿਰ ਦੇ ਇਹਨਾਂ ਯੋਧਿਆਂ ਨੂੰ ਸ਼ਹੀਦ ਹੋਇਆਂ 93 ਸਾਲ ਅਤੇ ਇਹਨਾਂ ਮਗਰੋਂ ਭਾਰਤ ਨੂੰ ਅੰਗਰੇਜੀ ਬਸਤੀਵਾਦ ਤੋਂ ਅਜਾਦ ਹੋਇਆਂ 76 ਸਾਲ ਬੀਤ ਚੁੱਕੇ ਹਨ।

ਭਗਤ ਸਿੰਘ ਨੇ ਆਵਦੀ ਜਿੰਦਗੀ ਦੌਰਾਨ ਦੇਸ਼ ਦੇ ਲੋਕਾਂ ਨੂੰ ਵਾਰ-ਵਾਰ ਚੇਤਾਵਨੀ ਦਿੱਤੀ ਸੀ ਕਿ ਉਸ ਮੌਕੇ ਕਾਂਗਰਸ, ਜਿਸਦੀ ਅਗਵਾਈ ਨਹਿਰੂ-ਗਾਂਧੀ ਦੇ ਹੱਥ ਸੀ, ਭਾਰਤ ਦੇ ਮੁੱਠੀ ਭਰ ਧਨਾਢਾਂ-ਸਰਮਾਏਦਾਰਾਂ ਦੀ ਨੁਮਾਇੰਦਗੀ ਕਰਦੀ ਪਾਰਟੀ ਹੈ ਅਤੇ ਅੰਗਰੇਜਾਂ ਤੋਂ ਉਹਨਾਂ ਲਈ ਛੋਟਾਂ ਅਤੇ ਅਜਾਦੀ ਮੰਗਦੀ ਹੈ, ਜੇ ਇਹਨਾਂ ਦੀ ਅਗਵਾਈ ਵਿੱਚ ਅਜਾਦੀ ਆਈ ਤਾਂ ਉਹ ਸਿਰਫ ਉਤਲੇ ਮੁੱਠੀਭਰ ਧਨਾਢਾਂ- ਸਰਮਾਏਦਾਰਾਂ ਦੀ ਹੀ ਅਜਾਦੀ ਹੋਵੇਗੀ ਅਤੇ ਦੇਸ਼ ਦੀ ਬਾਕੀ ਬਹੁਗਿਣਤੀ ਕਿਰਤੀ ਲੋਕਾਈ, ਜਿਸ ਵਿੱਚ ਮਜਦੂਰ-ਕਿਸਾਨ ਤੇ ਬਾਕੀ ਹਿੱਸੇ ਹਨ, ਦੀ ਜਿੰਦਗੀ ਵਿੱਚ ਲੁੱਟ ਜਬਰ ਜਾਰੀ ਰਹੇਗਾ, ਬੱਸ ਸਿਰਫ ਲੁੱਟਣ ਵਾਲ਼ਿਆਂ ਦੀਆਂ ਚਮੜੀਆਂ ਦਾ ਰੰਗ ਬਦਲ ਜਾਵੇਗਾ। ਕਿਰਤੀ ਲੋਕਾਂ ਨੂੰ ਆਵਦੀ ਰੋਜੀ-ਰੋਟੀ ਲਈ ਉਹੀ ਘੱਟਾ ਢੋਣਾ ਪਵੇਗਾ। ਅਜਾਦੀ ਤੋਂ ਮਗਰੋਂ ਦੇ ਇਹਨਾਂ ਸਾਲਾਂ ਵਿੱਚਾਂ ਇਹ ਗੱਲ ਸੱਚੀ ਸਾਬਤ ਹੋਈ ਹੈ। ਲੁਟੇਰਿਆਂ ਦੀ ਚਮੜੀ ਦਾ ਰੰਗ ਬਦਲ ਗਿਆ ਹੈ ਪਰ ਲੁੱਟ-ਅਨਿਆਂ-ਜਬਰ ਮੁੱਕਣਾ ਤਾਂ ਦੂਰ ਦੀ ਗੱਲ, ਸਗੋਂ ਇਹ ਹੋਰ ਦੂਣਾ-ਚੌਣਾ ਵਧਿਆ ਹੈ।

1947 ਮਗਰੋਂ ਪੌਣੀ ਸਦੀ ਵਿੱਚ ਦੇਸ਼ ਦੇ ਕਿਰਤੀਆਂ ਨੂੰ ਦੇਸੀ-ਵਿਦੇਸ਼ੀ ਸਰਮਾਏਦਾਰਾਂ ਨੇ ਅੰਗਰੇਜ ਬਸਤੀਵਾਦੀਆਂ ਦੇ ਦੋ ਸਦੀਆਂ ਦੇ ਰਾਜ ਤੋਂ ਵੀ ਵਧੇਰੇ ਲੁੱਟਿਆ ਹੈ। ਦੇਸ਼ੀ ਵਿਦੇਸ਼ੀ ਸਰਮਾਏਦਾਰਾਂ ਵੱਲੋਂ ਸਾਡੇ ਮਾਲ-ਖਜਾਨਿਆਂ ਅਤੇ ਕਿਰਤ ਦੀ ਲੁੱਟ ਬੇਰੋਕ ਜਾਰੀ ਹੈ। ਹਰੇਕ ਪੰਜ ਸਾਲ ਮਗਰੋਂ ਬਦਲ-ਬਦਲਕੇ ਰਾਜ ਕਰਦੀਆਂ ਸਰਕਾਰਾਂ ਇਹਨਾਂ ਲੋਟੂ ਟੋਲਿਆਂ ਦੀਆਂ ਪ੍ਰਬੰਧਕੀ ਕਮੇਟੀਆਂ ਅਤੇ ਰਖੈਲਾਂ ਹਨ, ਜੋ ਇਹਨਾਂ ਦੇ ਮੁਨਾਫਿਆਂ ਦੀ ਗਰੰਟੀ ਕਰਦੀਆਂ ਹਨ ਅਤੇ ਇਸਦੇ ਵਿਰੋਧ ਵਿੱਚ ਉੱਠਣ ਵਾਲ਼ੀ ਹਰ ਸੁਰ ਦੀ ਸੰਘੀ ਨੱਪਣ ਲਈ ਕੰਮ ਕਰਦੀਆਂ ਰਹੀਆਂ ਹਨ। ਪੌਣੀ ਸਦੀ ਦੀ ਇਸ ਅਜਾਦੀ ਵਿੱਚ ਅੰਬਾਨੀ, ਅਡਾਨੀ, ਟਾਟੇ, ਬਿਰਲੇ ਅਤੇ ਹੋਰ ਵੱਡੇ ਸਰਮਾਏਦਾਰ ਘਰਾਣਿਆਂ ਦੀਆਂ ਜਾਇਦਾਦਾਂ ਵਿੱਚ ਅੰਨ੍ਹਾ ਵਾਧਾ ਹੋਇਆ ਹੈ। ਪਰ ਦੂਜੇ ਪਾਸੇ ਇਸੇ ਪੌਣੀ ਸਦੀ ਨੇ ਕਿਰਤੀ ਲੋਕਾਂ ਨੂੰ ਗਰੀਬੀ, ਬੇਰੁਜਗਾਰੀ, ਮਹਿੰਗਾਈ ਦੀ ਚੱਕੀ ਵਿੱਚ ਪੀਸਿਆ ਹੈ। ਪੌਣੀ ਸਦੀ ਦੀ ਅਜਾਦੀ ਨੇ ਗਰੀਬੀ ਦੇ ਸਮੁੰਦਰ ਵਿੱਚ ਅੱਯਾਸ਼ੀ ਦੇ ਟਾਪੂ ਖੜ੍ਹੇ ਕੀਤੇ ਹਨ। ਇੱਕ ਕਿਰਤੀ ਲਈ ਅਜਾਦੀ ਦਾ ਮਤਲਬ ਸਿਰਫ ਏਨਾ ਹੈ ਕਿ ਉਹ ਆਵਦੀ ਰੋਜੀ ਲਈ ਕਿਤੋਂ ਵੀ ਲੁੱਟ ਕਰਵਾ ਸਕਦਾ ਹੈ। ਅੱਜ ਹਲਾਤ ਇੱਥੋਂ ਤੱਕ ਪਹੁੰਚ ਗਈ ਹੈ ਕਿ ਹੇਠਲੀ 50 ਫੀਸਦੀ ਅਬਾਦੀ ਕੋਲ਼ ਕੁੱਲ ਜਾਇਦਾਦ ਦਾ ਸਿਰਫ 3 ਫੀਸਦੀ ਹਿੱਸਾ ਹੈ, ਜਦੋਂ ਕਿ ਉੱਪਰ ਦੇ 10 ਫੀਸਦੀ ਧਨਾਢਾਂ ਦਾ 74 ਫੀਸਦੀ ਜਾਇਦਾਦ ਉੱਤੇ ਕਬਜਾ ਹੈ। ਅਮੀਰੀ ਗਰੀਬੀ ਦਾ ਇਹ ਪਾੜਾ ਇਸ ਪ੍ਰਬੰਧ ਦੇ ਲੋਕਦੋਖੀ ਹੋਣ ਦੀ ਚੀਕ-ਚੀਕਕੇ ਗਵਾਹੀ ਭਰਦਾ ਹੈ।

2014 ਤੋਂ ਮਗਰੋਂ ਫਾਸ਼ੀਵਾਦੀ ਪਾਰਟੀ ਭਾਜਪਾ ਦੇ ਸੱਤਾਨਸ਼ੀਨ ਹੋਣ ਮਗਰੋਂ ਤਾਂ ਹਾਲਤਾਂ ਹੋਰ ਵੀ ਜਿਆਦਾ ਦੁੱਭਰ ਹੋ ਗਈਆਂ ਹਨ। ਦੇਸੀ-ਵਿਦੇਸ਼ੀ ਸਰਮਾਏਦਾਰਾਂ ਦੀਆਂ ਝੋਲ਼ੀਆਂ ਭਰਨ ਤੇ ਲੋਕਾਂ ਦੀ ਅੰਨ੍ਹੀਂ ਲੁੱਟ ਕਰਨ ਲਈ ਲਿਆਂਦੀਆਂ ਨਵਉਦਾਰਵਾਦੀ ਨੀਤੀਆਂ ਨੂੰ ਭਾਜਪਾ ਨੇ ਹੋਰ ਧੜਵੈਲ ਤਰੀਕੇ ਨਾਲ਼ ਲਾਗੂ ਕੀਤਾ ਹੈ। ਸਰਕਾਰੀ ਅਦਾਰਿਆਂ ਦਾ ਬੇਰੋਕ ਨਿੱਜੀਕਰਨ ਕਰਕੇ ਸਰਮਾਏਦਾਰਾਂ ਦੀਆਂ ਝੋਲ਼ੀਆਂ ਭਰੀਆਂ ਹਨ। ਦੂਜੇ ਪਾਸੇ ਕਿਰਤੀ ਹਿੱਸਿਆਂ ਨੂੰ ਵਧਦੀ ਮਹਿੰਗਾਈ, ਬੇਰੁਜਗਾਰੀ, ਗਰੀਬੀ ਨਾਲ਼ ਨਿੱਤ ਦਿਨ ਜੂਝਣਾ ਪੈ ਰਿਹਾ ਹੈ। ਇਸਤੋਂ ਇਲਾਵਾ ਫਾਸ਼ੀਵਾਦੀ ਭਾਜਪਾ ਸਿਰਫ ਆਰਥਕ ਹਮਲਾ ਹੀ ਨਹੀਂ ਕਰ ਰਹੀ, ਸਗੋਂ ਭਾਰਤ ਦੇ ਆਮ ਲੋਕਾਂ ਵੱਲੋਂ ਲੜਕੇ ਹਾਸਲ ਕੀਤੇ ਜਮਹੂਰੀ, ਮਨੁੱਖੀ ਅਤੇ ਨਾਗਰਿਕ ਹੱਕਾਂ ਨੂੰ ਦਿਨ-ਦਿਹਾੜੇ ਕੁਚਲਿਆ ਜਾ ਰਿਹਾ ਹੈ। ਲਾਜਮੀ ਹੀ ਰਾਜਭਾਗ ਦੀਆਂ ਇਹਨਾਂ ਲੋਕ ਵਿਰੋਧੀ ਨੀਅਤਾਂ-ਨੀਤਾਂ ਵਿਰੁੱਧ ਰੋਸ ਪੈਦਾ ਹੋਣਾ ਸੁਭਾਵਿਕ ਹੈ। ਇਸ ਲਈ ਲੋਕਾਂ ਨੂੰ ਉਹਨਾਂ ਦੀ ਹੱਕੀ ਲੜਾਈ ਤੋਂ ਤਿਲਕਾਉਣ ਲਈ ਭਾਜਪਾ ਦੀ ਮਾਂ-ਜਥੇਬੰਦੀ ਰਸਸ-ਰਾਸ਼ਟਰੀ ਸਵੈਸੇਵਕ ਸੰਘ- ਆਵਦੇ ਫਿਰਕੂ ਏਜੰਡੇ ਤਹਿਤ ਲੋਕਾਂ ਨੂੰ ਭਰਾਮਾਰ ਜੰਗ ਵਿੱਚ ਝੋਕਣ ਲਈ ਹਰ ਹੀਲਾ ਵਰਤ ਰਹੀ ਹੈ। "ਹਿੰਦੀ-ਹਿੰਦੂ-ਹਿੰਦੁਸਤਾਨ" ਦੇ ਨਾਹਰੇ ਹੇਠ ਵਗਾਈ ਫਿਰਕੂ ਹਨ੍ਹੇਰੀ ਵਿੱਚ ਇਹ ਟੋਲੇ ਧਾਰਮਿਕ ਘੱਟਗਿਣਤੀਆਂ ਵਿਰੁੱਧ ਨਫਰਤੀ ਪ੍ਰਚਾਰ ਮੁਹਿੰਮ ਚਲਾਕੇ ਕਤਲੋਗਾਰਤ ਮਚਾ ਰਹੇ ਹਨ। ਧਰਮ ਬਦਲੀ, ਗਊ ਹੱਤਿਆ ਦੇ ਨਾਂ ਹੇਠ ਹਿੰਸਾ ਅਤੇ ਕਤਲ ਦੀਆਂ ਵਾਰਦਾਤਾਂ ਨਿੱਤਦਿਨ ਦਾ ਵਰਤਾਰਾ ਬਣ ਚੁੱਕੀਆਂ ਹਨ। ਰਸਸ-ਭਾਜਪਾ ਦੀ ਫਿਰਕੂ ਫਾਸ਼ੀ ਮੁਹਿੰਮ ਚੋਰ-ਗੁਲਾਮੀ ਦੇ ਇਸ ਰਾਜਭਾਗ ਦੀ ਚਾਕਰੀ ਕਾਂਗਰਸ ਅਤੇ ਹੋਰ ਪਾਰਟੀਆਂ ਨਾਲ਼ੋਂ ਵੀ ਦੋ ਰੱਤੀਆਂ ਉੱਤੋਂ ਦੀ ਹੋਕੇ ਕਰ ਰਹੀ ਹੈ ਜਿਸ ਵਿੱਚ ਆਮ ਲੋਕਾਈ ਲਗਾਤਾਰ ਪਿਸ ਰਹੀ ਹੈ। ਉੱਤੋਂ ਚੋਣਾਂ ਤੋਂ ਤੁਰੰਤ ਪਹਿਲਾਂ ਭਾਜਪਾ ਵੱਲੋਂ ਠੰਢੇ ਬਸਤੇ ਵਿੱਚ ਪਾਕੇ ਰੱਖੇ ਨਾਗਰਿਕਤਾ ਹੱਕਾਂ ਵਿੱਚ ਸੋਧਾਂ ਦੇ ਕਨੂੰਨ ਨੂੰ ਫਿਰ ਤੋਂ ਕੱਢ ਲਿਆ ਹੈ। ਇਹ ਕਨੂੰਨ ਭਾਜਪਾ ਦੀ ਫਿਰਕੂ ਲਾਮਬੰਦੀ ਦਾ ਹੱਥਾ ਹਨ ਜਿਹਨਾਂ ਜਰੀਏ ਇਹ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਲਾਹਾ ਖੱਟਣਾ ਚਾਹੁੰਦੇ ਹਨ।

ਸਾਡੇ ਸੂਬੇ ਪੰਜਾਬ ਵਿੱਚ ਵੀ ਬਦਲਾਅ ਦੇ ਨਾਹਰੇ ਨਾਲ਼ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ਼ਤਿਹਾਰਬਾਜੀ ਤੋਂ ਬਿਨਾਂ ਹੋਰ ਕੱਖ ਨਹੀਂ ਕੀਤਾ। ਅਕਾਲੀ-ਕਾਂਗਰਸ ਵਰਗੀਆਂ ਸੂਬੇ ਦੀਆਂ ਰਵਾਇਤੀ ਲੋਟੂ ਪਾਰਟੀਆਂ ਤੋਂ ਅੱਕੇ ਅਤੇ ਖੇਤੀ ਕਨੂੰਨਾਂ ਵਿਰੁੱਧ ਉੱਠੀ ਲੋਕ ਲਹਿਰ ਤੋਂ ਸੋਝੀ ਹਾਸਲ ਕਰਕੇ ਜਨਤਾ ਨੇ ਕਿਸੇ ਢੁਕਵੇਂ ਬਦਲ ਦੀ ਅਣਹੋਂਦ ਵਿੱਚ ਆਪ ਨੂੰ ਚੁਣਿਆ ਅਤੇ ਸਰਮਾਏਦਾਰਾਂ ਦੇ ਇੱਕ ਧੜੇ ਨੇ ਆਪ ਨੂੰ ਥਾਪੜਾ ਦੇਕੇ ਉਸਦੀ ਜਿੱਤ 'ਤੇ ਮੋਹਰ ਲਾ ਦਿੱਤੀ। ਪਰ ਆਪ ਵੱਲੋਂ ਕੀਤੇ ਹਵਾਈ ਵਾਅਦਿਆਂ ਦੀ ਫੂਕ ਛੇਤੀ ਹੀ ਨਿੱਕਲ ਚੁੱਕੀ ਹੈ। ਦੂਜੀਆਂ ਪਾਰਟੀਆਂ ਦੇ ਕਾਰਜਕਾਲ ਵਾਂਗ ਹੀ ਪੰਜਾਬ ਅੱਜ ਵੀ ਨਸ਼ਿਆਂ, ਮਹਿੰਗੀ ਹੁੰਦੀ ਸਿੱਖਿਆ, ਬੇਰੁਜਗਾਰੀ, ਅਸਮਾਨੀ ਚੜ੍ਹਦੀਆਂ ਕੀਮਤਾਂ ਤੇ ਭ੍ਰਿਸ਼ਟਾਚਾਰ ਤੋਂ ਪੀੜਿਤ ਹੈ। ਇਸ ਮੌਕੇ ਪੰਜਾਬ ਵਿੱਚ ਅਮਨ-ਕਨੂੰਨ ਦੀ ਦੁਰਦਸ਼ਾ, ਗੈਂਗਵਾਰ, ਕਤਲ ਅਤੇ ਹੱਕ ਮੰਗਦੇ ਲੋਕਾਂ ਉੱਤ ਡਾਂਗਾ ਮੌਜੂਦਾ ਪੰਜਾਬ ਦੀ ਤਸਵੀਰ ਹੈ।

ਸੂਬੇ-ਦੇਸ਼ ਦੀਆਂ ਮੌਜੂਦਾ ਹਾਲਤਾਂ, ਇਸ ਲੁੱਟ ਜਬਰ ਉੱਤੇ ਟਿਕੇ ਢਾਂਚੇ ਅੰਦਰ ਆਮ ਲੋਕਾਂ ਦੀ ਤਰਸਯੋਗ ਹੋਣੀ ਬਿਆਨ ਕਰ ਰਹੀਆਂ ਹਨ। ਅਜਿਹੀਆਂ ਹਾਲਤਾਂ ਵਿਰੁੱਧ ਟੱਕਰ ਲੈਣ, ਇਹਨਾਂ ਨੂੰ ਤਬਦੀਲ ਕਰਨਾ ਸਮੇਂ ਦੀ ਅਣਸਰਦੀ ਲੋੜ ਹੈ। ਪਰ ਸਾਨੂੰ ਇਹ ਵੀ ਧਿਆਨ ਵਿੱਚ ਰੱਖਣ ਦੀ ਲੋੜ ਹੈ ਕਿ ਮੌਜੂਦਾ ਅਲਾਮਤਾਂ- ਗਰੀਬੀ, ਬੇਰੁਜਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ ਵਿਰੁੱਧ ਲੜਦਿਆਂ, ਇਸਦੀ ਜੜ੍ਹ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ- ਜੋ ਕਿ ਮੌਜੂਦਾ ਸਰਮਾਏਦਾਰਾ ਨਿਜਾਮ ਹੈ, ਜੋ ਮੁੱਠੀਭਰ ਸਰਮਾਏਦਾਰਾਂ-ਧਨਾਢਾਂ ਦੀ ਸੁੱਖ ਸਹੂਲਤ ਦੀ ਗਰੰਟੀ ਕਰਦਾ ਹੈ ਅਤੇ ਕਿਰਤੀ ਲੋਕਾਂ ਨੂੰ ਜਵਕਣ ਲਈ ਛੱਡ ਦਿੰਦਾ ਹੈ। ਇਸ ਲਈ ਸਾਡੀ ਇਸ ਲੜਾਈ ਦੀ ਸੇਧ ਮੌਜੂਦਾ ਲੁੱਟ 'ਤੇ ਟਿਕੇ ਮਨੁੱਖਦੋਖੀ ਸਰਮਾਏਦਾਰਾ ਪ੍ਰਬੰਧ ਦੀ ਮੁੱਢੋਂ-ਸੁੱਢੋਂ ਤਬਦੀਲੀ ਕਰਕੇ ਸਾਂਝੀ ਮਲਕੀਅਤ ਵਾਲ਼ੇ ਲੋਕ-ਪੁੱਗਤ ਵਾਲ਼ੇ ਪ੍ਰਬੰਧ ਦੀ ਸਥਾਪਨਾ ਕਰਨਾ ਹੋਣਾ ਚਾਹੀਦਾ ਹੈ। ਸੌਖੇ ਸ਼ਬਦਾਂ ਵਿੱਚ ਅਜਿਹਾ ਸਮਾਜ ਜਿਸ ਲਈ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਜੱਦੋਜਹਿਦ ਕਰਦਿਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਉਸ ਸੁਪਨੇ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ ਅਤੇ ਇੱਕ ਇਨਕਲਾਬ ਰਾਹੀਂ ਸੁਪਨੇ ਨੂੰ ਹਕੀਕੀ ਸ਼ਕਲ ਦੇਣ ਲਈ ਸਮਾਜ ਦੇ ਸੂਝਵਾਨ ਹਿੱਸੇ, ਪੀੜਤ ਹਿੱਸੇ ਅਤੇ ਹੋਰ ਊਰਜਾਵਾਨ ਨੌਜਵਾਨ-ਵਿਦਿਆਰਥੀ ਹਿੱਸਿਆਂ ਨੂੰ ਸੰਘਰਸ਼ਾਂ ਦੇ ਪਿੜ ਮਘਾਉਣ ਦੀ ਲੋੜ ਹੈ।

ਇਨਕਲਾਬ ਤੋਂ ਸਾਡਾ ਭਾਵ, ਮਹਿਜ ਕੋਈ ਸਰਕਾਰ ਦੀ ਤਬਦੀਲੀ ਨਹੀਂ, ਸਗੋਂ ਸਮੁੱਚੇ ਮੌਜੂਦਾ ਆਰਥਕ-ਸਿਆਸੀ-ਸਮਾਜਿਕ ਪ੍ਰਬੰਧ ਦਾ ਮਲੀਆਮੇਟ ਕਰਕੇ ਨਵੇਂ ਪ੍ਰਬੰਧ, ਭਗਤ ਸਿੰਘ ਦੇ ਸ਼ਬਦਾਂ ਵਿੱਚ 'ਸਮਾਜਵਾਦ' ਦੀ ਸਥਾਪਨਾ ਕਰਨਾ ਹੈ। ਇਸਦੇ ਲਈ ਅਸੀਂ ਸਮਾਜ ਦੇ ਸਾਰੇ ਸੰਵੇਦਨਸ਼ੀਲ, ਸੂਝਵਾਨ ਹਿੱਸਿਆਂ ਨੂੰ ਸੱਦਾ ਦਿੰਦੇ ਹਾਂ ਕਿ ਧਰਮਾਂ-ਜਾਤਾਂ ਦੀਆਂ ਸੌੜੀਆਂ ਪਛਾਣਾਂ ਵਿੱਚੋਂ ਬਾਹਰ ਆਉਣ ਦੀ ਲੋੜ ਹੈ। ਸਿਰਫ ਇਸੇ ਤਰ੍ਹਾਂ ਹੀ ਸ਼ਹੀਦਾਂ ਦੇ ਸੁਪਨਿਆਂ ਦੀ ਹਕੀਕੀ ਪ੍ਰਾਪਤੀ ਦੀ ਗਰੰਟੀ ਕੀਤੀ ਜਾ ਸਕਦੀ ਹੈ। ਕੋਈ ਸ਼ੱਕ ਨਹੀਂ ਕਿ ਇਹ ਲੜਾਈ ਲੰਮੀ, ਦੁੱਖਦੇਹ ਅਤੇ ਕੁਰਬਾਨੀਆਂ ਭਰੀ ਹੋਵੇਗੀ, ਪਰ ਜਿੱਤ ਅਸਾਡੀ ਹੋਵੇਗੀ - ਇਹ ਵੀ ਤੈਅ ਹੈ। ਅਸੀਂ ਫਿਰ ਸੱਦਾ ਦਿੰਦੇ ਹਾਂ ਮਜਦੂਰਾਂ-ਗਰੀਬ ਕਿਸਾਨਾਂ ਅਤੇ ਹੋਰ ਮੱਧਵਰਗੀ ਹਿੱਸਿਆਂ ਨੂੰ, ਕਿ ਆਵਦੀ ਸਾਂਝ ਨੂੰ ਪੀਡੀ ਕਰਕੇ ਮੈਦਾਨ ਵਿੱਚ ਨਿੱਤਰ ਆਓ ਅਤੇ ਨਾਲ਼ ਹੀ ਅਪੀਲ ਕਰਦੇ ਹਾਂ ਸਾਰੇ ਸੰਵੇਦਨਸ਼ੀਲ ਤੇ ਧੜਕਦੇ ਦਿਲਾਂ ਅਤੇ ਹਿੰਮਤ ਭਰੇ ਜਿਗਰਿਆਂ ਵਾਲ਼ੇ ਗੱਭਰੂ-ਮੁਟਿਆਰਾਂ ਨੂੰ ਕਿ ਆਓ ਲੋਕਤਾ ਲਈ ਆਪਾ ਵਾਰਨ ਦੀ ਰਵਾਇਤ ਨੂੰ ਕਾਇਮ ਰੱਖਦਿਆਂ ਜੰਗ-ਏ-ਮੈਦਾਨ ਵਿੱਚ ਨਿੱਤਰੀਏ। ਲੋਕਾਂ ਤੇ ਜੋਕਾਂ ਦੀ ਜੰਗ ਵਿੱਚ ਲੋਕਾਂ ਦੀ ਧਿਰ ਮੱਲੀਏ ਤੇ ਲੁੱਟ-ਖਸੁੱਟ, ਅਨਿਆਂ, ਜਬਰ ਵਿਰੁੱਧ ਲੜੇ ਜਾ ਰਹੇ ਅੰਤਮ ਅਤੇ ਨਿਰਣਾਇਕ ਯੁੱਧ ਨੂੰ ਸਿਰੇ ਲਾਈਏ। ਇਹ ਕਾਰਜਭਾਰ ਹੁਣ ਸਾਡੇ ਮੋਢਿਆਂ ਉੱਤੇ ਹੈ। ਇਸ ਮਹਾਨ ਜੰਗੀ ਕਾਜ ਵਿੱਚ ਸਾਡੇ ਸੰਗੀ-ਸਾਥੀ ਬਣੋ।•

ਮਾਲਕ, ਪ੍ਰਕਾਸ਼ਕ ਅਤੇ ਪ੍ਰਿੰਟਰ ਲਖਵਿੰਦਰ ਸਿੰਘ ਦੁਆਰਾ ਨਿਊ ਦਸ਼ਮੇਸ਼ ਪ੍ਰਿੰਟਰਜ਼, 178-179, ਰਣਜੀਤ ਨਗਰ, ਜਲੰਧਰ, ਪੰਜਾਬ ਤੋਂ ਛਪਵਾਇਆ ਅਤੇ ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜ਼ਿਲ੍ਹਾ - ਫਤਿਹਗੜ੍ਹ ਸਾਹਿਬ, ਪੰਜਾਬ-140406, ਤੋਂ ਪ੍ਰਕਾਸ਼ਿਤ। **ਸੰਪਾਦਕ**- ਮਾਨਵਜੋਤ ਸਿੰਘ, **ਸੰਪਾਦਕੀ ਦਫਤਰ**- ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜ਼ਿਲ੍ਹਾ - ਫਤਿਹਗੜ੍ਹ ਸਾਹਿਬ, ਪੰਜਾਬ-140406